ਮਾਸਕ ਪੱਤਰ

# ੴ ਅਜੂਨੀ

ਅਪ੍ਰੈਲ-ਮਈ-ਜੂਨ 1979

## ਊਚਾ ਦਰਿ ਬਾਬੇ ਨਾਨਕ ਦਾ ਸੋਹਣਾ ਦਰਿ ਬਾਬੇ ਨਾਨਕ ਦਾ



# ਲੇਖ ਸੂਚੀ


| | | | |
|---|---|---|---|
| 1. | ਗੁਰਵਾਕ | ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ | 1 |
| 2. | ਸੰਪਾਦਕੀ | ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ | 2 |
| 3. | ਗੁਰੂ ਨਾਨਕ ਦੇਵ ਜੀ ਦੀ ਸੰਸਾਰ ਨੂੰ ਕਿਤਨੀ ਕੁ ਲੋੜ ਸੀ | | 4 |
| 4. | ਗੁਰ-ਦੀਖਿਆ | ਮੁਖ ਲੇਖ | 5 |
| 5. | ਰਾਜਾ ਜੋਗੀ | ਗਿ: ਈਸ਼ਰ ਸਿੰਘ ਜੀ ਨਾਰਾ | 8 |
| 6. | ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚੋਂ (The Pb. past & present Vol III 1969) | | 13 |
| 7. | ਸ੍ਰੀ ਬੀਰ ਮ੍ਰਿਗੇਸ਼ ਦੇਵਤਰੂ ਗੁਰ ਬਿਲਾਸ | (ਪੁਰਾਤਨ ਵਿਰਸਾ) | 17 |
| 8. | GURU NANAK The pb. past & present vol. III | The Mirror of Mediaeval India | 21 |
| 9. | ਸੰਤਾਨਕ ਸਮਾਚਾਰ ਗੁਰਗੱਦੀ (ਧਰਮ ਪ੍ਰਚਾਰ) | | 25 |


---

## ਗੁਰ-ਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

"ਜਿਤੀ ਨਵ ਖੰਡ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।'

ਧੰਨ ਗੁਰੂ ਨਾਨਕ — ਸਤਿਨਾਮ ਸ੍ਰੀ ਵਾਹਿਗੁਰੂ — ਧੰਨ ਗੁਰੂ ਨਾਨਕ

ੴ

'ਅਰਾਧ ਏਕੰਕਾਰ ਸਾਚਾ ਨਿਤ ਦੇਇ ਚੜ੍ਹੇ ਸਵਾਇਆ।"

ਵਲੋਂ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਗੱਦੀ-ਨਸ਼ੀਨ

## 117ਵੀਂ ਬਰਸੀ

### ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਆਪ ਦੀ ਸਮਾਧ ਅਸਥਾਨ ਕੂਚਾ ਵਸਤੀ ਰਾਮ, ਕਣਕ ਮੰਡੀ, ਅੰਮ੍ਰਿਤਸਰ ਵਿਖੇ ਹਰ ਸਾਲ ਵਾਂਗ ਮਨਾਈ ਜਾ ਰਹੀ ਹੈ। ਪਹਿਲਾ ਅਖੰਡ ਪਾਠ 15 ਅਗਸਤ ਨੂੰ ਅਰੰਭ ਹੋਵੇਗਾ, ਜਿਸ ਦਾ ਭੋਗ 17 ਅਗਸਤ ਨੂੰ ਪਵੇਗਾ। ਦੂਜਾ ਅਖੰਡ ਪਾਠ 17 ਅਗਸਤ ਨੂੰ ਅਰੰਭ ਹੋਕੇ 19 ਅਗਸਤ ਨੂੰ ਭੋਗ ਪਵੇਗਾ ਅਤੇ ਰਾਤ ਦਾ ਦੀਵਾਨ ਮੰਜੀ ਸਾਹਿਬ ਸਜੇਗਾ। ਸ੍ਰੀ ਹਰਿਮੰਦਰ ਸਾਹਿਬ ਦੇ ਸੇਵਾਦਾਰਾਂ ਦਾ ਭੰਡਾਰਾ 20 ਅਗਸਤ ਨੂੰ ਹੋਵੇਗਾ। ਲੰਗਰ ਗੁਰੂ ਕਾ ਅਤੁਟ ਵਰਤੇਗਾ। ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ।

ਸਤਿਨਾਮ ਸ੍ਰੀ ਵਾਹਿਗੁਰੂ ...

ੴ

ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਗੱਦੀ-ਨਸ਼ੀਨ. ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦੀ
ਸਰਪ੍ਰਸਤੀ ਹੇਠ ਛਪਣ ਵਾਲਾ

ਮਾਸਕ ਪੱਤਰ

# ਅਜੂਨੀ

ਮਨਸੂਰਾਂ
(ਲੁਧਿਆਣਾ)

ਸੰਪਾਦਕ : ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ

ਸਾਲ 11] ਅਪਰੈਲ-ਮਈ-ਜੂਨ 1979 [ਅੰਕ 4,5,6,

## ਮਾਝ ਮਹਲਾ ੫ ਘਰ ੪

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗ ਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਨ ਨਿਵਾਸ ॥੫॥

ਸੰਪਾਦਕੀ :—

# ਸ੍ਰੀ ਹਜ਼ੂਰ ਬਾਬਾ ਜੀ ਦੀ ਕਲਮ ਤੋਂ

ਇਸ ਕਲਜੁੱਗ ਦੇ ਸਮੇਂ ਵਿਚ ਨਿਤਾ ਪ੍ਰਤੀ ਧੜੇ ਬਣ ਰਹੇ ਹਨ ਅਤੇ ਟੁੱਟ ਰਹੇ ਹਨ। ਝੂਠੇ ਗਠਜੋੜ ਕੀਤੇ ਜਾਂਦੇ ਹਨ ਜੋ ਕਾਇਮ ਨਹੀਂ ਰਹਿੰਦੇ ਗੁਰਮਤ ਅਨੁਸਾਰ ਧੜਾ ਤਾਂ ਉਹੀ ਹੈ ਜੋ ਹਰੀ ਨਾਲ ਜੁੜਿਆ ਹੋਇਆ ਹੈ ਔਰ ਹਰੀ ਦੇ ਭੈ ਵਿਚ ਸੱਚ ਨਾਲ ਪਿਆਰ ਕਰਦਾ ਹੈ, ਪੋਲੇਟਿਕਸ ਇਸ ਰਾਹ ਦੇ ਵਿਰੁਧ ਹੈ। ਇਸ ਲਈ ਕੋਈ ਪ੍ਰਾਪਤੀ ਨਹੀਂ ਹੋ ਰਹੀ। ਝੂਠ ਮੁਖ ਹੈ। ਝੂਠ ਦੀ ਸੋਚ ਹੈ। ਝੂਠ ਦੀ ਵਿਚਾਰ ਹੈ। ਝੂਠ ਕਹਿਣਾ ਹੈ। ਝੂਠ ਕਮਾਉਣਾ ਹੈ। ਇਸ ਲਈ ਹਰੀ ਦੀ ਕਿਰਪਾ ਨਹੀਂ ਅਜ ਦਾ ਜਗਤ ਚੰਗਾ ਕਰੇ ਕਿ ਧਰਮ ਨੂੰ ਕਮਾਵੇ ਤੇ ਹਰੀ ਨਾਲ ਜੁੜ ਬੈਠੇ। ਮੁਸਲਮਾਨ ਦੇਸ਼ ਇਸ ਸਮੇਂ ਧਰਮ ਦੇ ਝੰਡੇ ਹੇਠ ਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਜੇ ਕਦੇ ਕਾਮਯਾਬ ਹੋ ਗਏ ਉਨ੍ਹਾਂ ਦਾ ਅੱਲਾ ਤਾਲਾ ਤੇ ਸਾਡਾ ਹਰੀ ਜੋ ਇਕੋ ਹੀ ਹਨ ਦੀ ਰਹਿਮਤ ਤੇ ਬਖਸ਼ਸ਼ ਦੇ ਪਾਤਰ ਬਣਨਗੇ। ਹਰ ਇਕ ਇਨਸਾਨ ਜਿਸ ਨੇ ਇਸ ਜਗਤ ਵਿਚ ਜਨਮ ਲਿਆ ਹੈ। ਉਸ ਦੇ ਕੋਲ ਇਕ ਪਿੰਜਰਾ ਸਰੀਰ ਹੈ। ਪ੍ਰਮਾਤਮਾ ਦੀ ਅੰਸ ਆਤਮਾ ਹੈ। ਆਤਮਾ ਦਾ ਸੇਵਾਦਾਰ ਮਨ ਹੈ। ਮਨ ਦੇ ਸੇਵਾਦਾਰ, ਕਾਮ, ਕਰੋਧ, ਲੋਭ, ਮੋਹ, ਹੰਕਾਰ ਹਨ। ਇਹ ਪੰਜੇ ਵਿਸ਼ੇ ਬੜੇ ਚੰਚਲ ਹਨ! ਜਿਹੜਾ ਇਹਨਾਂ ਪੰਜਾਂ ਨਾਲ ਯਾਰੀ ਗੰਢਦਾ ਹੈ ਉਹ ਡੁਬਦਾ ਹੈ। ਜਿਹੜਾ ਹਰੀ ਦੀ ਓਟ ਲੈਂਦਾ ਹੈ। ਹਰੀ ਨਾਮ ਨਾਲ ਜੁੜਦਾ ਹੈ। ਉਸ ਦੇ ਪੰਜੇ ਸੇਵਾਦਾਰ ਰਹਿੰਦੇ ਹਨ। ਬੰਦੇ ਤੇ ਵਿਸ਼ੇ ਵਿਕਾਰ ਹਾਵੀ ਨਹੀਂ ਹੁੰਦੇ। ਪਰੰਤੂ ਹਰੀ ਦਾ ਭਗਤ ਬਣ ਜਾਂਦਾ ਹੈ। ਇਹ ਪੰਜੇ ਇਸ ਦੇ ਹੁਕਮ ਵਿਚ ਹੁੰਦੇ ਹਨ। ਇਸ ਦੀ ਆਤਮਾ ਸਵੱਛ ਹੁੰਦੀ ਹੈ। ਪ੍ਰਮਾਤਮਾ ਨਾਲ ਜੁੜ ਬੈਠਦੀ ਹੈ। ਮਹਾਰਾਜ ਤਾਂ ਗੁਰਬਾਣੀ ਵਿਚ ਫੁਰਮਾਂਦੇ ਹਨ। "ਮਨ ਲੋਚੇ ਬੁਰਿਆਈਆਂ'—ਤੂੰ ਵਿਸ਼ਿਆਂ ਦੇ ਕਾਬੂ ਹੈਂ ਪ੍ਰੰਤੂ ਨਾਲ ਹੀ ਦਾਤਾਰ ਪਿਤਾ ਇਹ ਸ਼ਬਦ ਬਖਸ਼ਦੇ ਹਨ। 'ਗੁਰ ਸ਼ਬਦੀ ਇਹ ਮਨ ਹੋੜੀਏ', ਗੁਰ ਸ਼ਬਦ ਕਿਥੋਂ ਮਿਲੇਗਾ। ਤੇ ਦਾਤਾਰ ਪਿਤਾ ਨੇ ਫੁਰਮਾਣ ਕੀਤਾ ਹੈ :

ਕੁੰਭੇ ਬੰਧਾ ਜਲ ਰਹੇ, ਜਲ ਬਿਨੁ ਕੁੰਭ ਨ ਹੋਇ।
ਗਿਆਨ ਕਾ ਬਧਾ ਮਨ ਰਹੇ, ਗੁਰ ਬਿਨ ਗਿਆਨ ਨਾ ਹੋਇ।

ਗੁਰੂ ਕੋਲੋਂ ਗਿਆਨ ਦੀ ਪ੍ਰਾਪਤੀ, ਗਿਆਨ ਦੇ ਕਾਰਨ ਸ਼ਬਦ ਦੀ ਪ੍ਰਾਪਤੀ ਮਨ ਬੱਜ ਗਿਆ। ਕਾਮ, ਕਰੋਧ, ਲੋਭ, ਮੋਹ, ਹੰਕਾਰ ਵੱਸ ਹੋ ਗਏ ਆਤਮਾ ਪ੍ਰਮਾਤਮਾ ਨਾਲ ਜੁੜ ਗਈ। ਫੇਰ ਦਿਲਾਂ ਦਾ ਮਾਲਕ ਕਹੇਗਾ, ਬਾਪੂ ਵਾਜ ਮਾਰੇਗਾ ਤੂੰ ਸੁਣੇਂਗਾ। ਅਪਣਾਵੇਗਾ

ਆਪੇ ਮਤ ਬੁਧ ਦੇਵੇ ਸੁਆਮੀ, ਆਪੇ ਬੋਲ ਬੁਲਾਵੇ।

ਜਦ ਤੂੰ ਸੁਣਨ ਲੱਗ ਪਿਆ।

"ਜੇ ਤੂੰ ਮੇਰਾ ਹੋਇ ਰਹੇ ਸਭ ਜਗ ਤੇਰਾ ਹੋਇ :

ਫੇਰ ਇਸ ਹਰੀ ਦੇ ਭਗਤ ਦਾ ਹਰੀ ਦਾ ਧੜਾ ਬਣ ਜਾਂਦਾ ਹੈ। ਜਿਸ ਦੇ ਨਾਲ ਸੰਗਤ ਕਰਨ ਵਾਲੇ ਨੂੰ ਹਰੀ ਦੀ ਸੰਗਤ ਦਾ ਰੂਪ ਪ੍ਰਾਪਤ ਹੁੰਦਾ ਹੈ । ਇਸ ਹਰੀ ਦੇ ਭਗਤ ਨਾਲ, ਹਰੀ ਦੇ ਧੜੇ ਵਾਲੇ ਨਾਲ ਲੋਹਾ ਵੀ ਛੂਹ ਜਾਵੇ ਤਾਂ ਸੋਨਾ ਬਣ ਜਾਂਦਾ ਹੈ। ਆਉ ਸਾਰੇ ਹਰੀ ਦੇ ਧੜੇ ਨੂੰ ਅਪਣਾਈਏ, ਜੋ ਕੇਵਲ ਗੁਰੂ ਨਾਨਕ ਦੇ ਦਰ ਤੇ ਹੈ। ਜਿਸ ਨੇ ਅਪਣਾ ਲਿਆ, ਚਾਹੇ ਮਾਮੂਲੀ ਸਾਧੂ ਦਾ ਰੂਪ ਲੈ ਗਿਆ।

ਦੁਨੀਆਂ ਉਸ ਦੇ ਦਰਸ਼ਨਾਂ ਲਈ ਟੁੱਟ ਟੁੱਟ ਪੈਂਦੀ ਹੈ। ਤੇ ਦੁਨੀਆਂਦਾਰ ਭੁਲੇ ਭਟਕੇ ਜਿਹੜੇ ਕਾਰਜ ਧੰਨ ਨਾਲ ਨਹੀਂ ਸੌਰਦੇ। ਇਸ ਦੇ ਦਰਸ਼ਨ ਕਰਕੇ, ਚਰਨਾਂ ਦੀ ਛੋਹ ਪ੍ਰਾਪਤ ਕਰਕੇ, ਚਰਨ ਧੂੜੀ ਪ੍ਰਾਪਤ ਕਰਕੇ ਸੇਵਾ ਵਿਚ ਤਤਪਰ ਰਹਿੰਦੇ ਹਨ। ਤੇ ਕਾਰੱਜ ਸਤਿਗੁਰੂ ਕਰ ਦਿੰਦਾ ਹੈ। ਝੂਠੇ ਧਰਮਾਂ ਤੋਂ ਕਿਨਾਰਾ ਕਰੋ। ਜਿਥੇ ਕਰਮ ਕਰਦੇ ਹੋ। ਧਰਮ ਵੀ ਕਮਾਉ ਅਜੇਹਿਆਂ ਆਗੂਆਂ ਦੇ ਮੱਥੇ ਲੱਗ ਕੇ ਅਜੇ ਹਕੂਮਤ ਸ਼ਾਇਦ ਏਨਾ ਕੰਮ ਨਾ ਕਰ ਸਕੇ।

ਜੋ ਮਾਗੈ ਠਾਕੁਰ ਆਪਣੇ ਤੇ ਸੋਈ ਸੋਈ ਦੇਵੈ।
ਨਾਨਕ ਦਾਸ ਮੁਖ ਤੇ ਜੋ ਬੋਲੈ ਈਹਾ ਊਹਾ ਸਚ ਹੋਵੈ।
"ਏਕ ਊਪਰਿ ਜਿਸੁ ਜਨ ਕੀ ਆਸਾ ॥ ਤਿਸ ਕੀ ਕਟੀਐ ਜੰਮ ਕੀ ਫਾਸਾ।

ਇਸ ਨੂੰ ਹਰੀ ਦਾ ਧੜਾ ਆਖਦੇ ਹਨ।

ਕਿਸ ਹੀ ਧੜਾ ਕੀਆ ਮਿਤਰ ਸੁਤ ਨਾਲ ਭਾਈ
ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲ ਜੁਵਾਈ
ਕਿਸ ਹੀ ਧੜਾ ਕੀਆ ਸਿੱਕਦਾਰ ਚੋਧਰੀ ਨਾਲ ਆਪਣੇ ਸੁਆਈ।
ਹਮਰਾ ਧੜਾ ਹਰਿ ਰਿਹਾ ਸਮਾਈ।

ਇਸੇ ਵਿਚ ਕਲਿਆਣ ਹੈ ਦੇਸ਼ ਦੀ ਉੱਨਤੀ ਹੈ। ਇਨਸਾਨ ਲਈ ਇਨਸਾਨੀਅਤ ਹੈ। ਭੁਖ ਨੰਗ ਦੂਰ ਹੁੰਦੀ ਹੈ। ਹਰ ਕਿਸੇ ਨੂੰ ਸੰਤੋਖ ਦੀ ਪ੍ਰਾਪਤੀ ਹੁੰਦੀ ਹੈ। ਤੇ ਰਾਮ ਰਾਜ ਕਾਇਮ ਹੋ ਜਾਂਦਾ ਹੈ। ਇਸ ਤੋਂ ਬਗੈਰ ਚਾਹੇ ਪੰਥਕ ਪਾਰਟੀ ਹੈ ਤੇ ਚਾਹੇ ਕੁਝ ਹੋਰ, ਕੁਝ ਪ੍ਰਾਪਤ ਨਹੀਂ ਹੋ ਸਕਦਾ। ਗੁਰਸਿਖੋ ਵਕਤ ਦੀ ਆਵਾਜ਼ ਸੁਣੋ, ਸਮਝੋ ਤੇ ਸਭਾ ਸੁਸਾਇਟੀਆਂ ਛਡੋ ਤੇ ਗੁਰੂ ਨਾਨਕ ਦੇ ਝੰਡੇ ਥਲੇ ਆ ਜਾਉ।

ਸਤਿਨਾਮ ਸ੍ਰੀ ਵਾਹਿਗੁਰੂ ਨਾਮ-ਚਿਤ ਆਵੇ।

# "ਗੁਰੂ ਨਾਨਕ ਜੀ ਦੀ ਸੰਸਾਰ ਨੂੰ ਕਿਤਨੀ ਕੁ ਲੋੜ ਸੀ"

ਆਸਤਕ ਮੱਤ ਸਾਰੇ ਦੇ ਸਾਰੇ ਹੀ ਮੰਨਦੇ ਹਨ ਕਿ ਸੰਸਾਰ ਵਿਚ ਜਦੋਂ ਪਾਪ ਉਪੱਦਰ ਤਥਾ ਅਧਰਮ ਫੈਲ ਜਾਂਦਾ ਹੈ ਅਤੇ ਜ਼ਾਲਮ ਜ਼ੁਲਮ ਕਰਨ ਤੇ ਤੁੱਲ ਜਾਂਦੇ ਹਨ, ਤਦੋਂ ਡਾਵਾਂਡੋਲ ਹੋਈਆਂ ਨਿਰਦੋਸ਼ ਜਿੰਦੜੀਆਂ ਦੀ ਪੁਕਾਰ ਸੁਨ ਕੇ, 'ਗੁਰੂ ਨਿਰੰਕਾਰ' ਦੁਸ਼ਟਾਂ ਨੂੰ ਦੰਡ ਅਤੇ ਦੁਖਿਤ ਜਿੰਦੜੀਆਂ ਨੂੰ ਸਹਾਰਾ ਦੇਣ ਹਿਤ ਸ਼ਰੀਰਕ, ਮਾਨਸਿਕ, ਤੇ ਆਤਮਿਕ ਸ਼ਕਤੀਆਂ ਦੇ ਕੇ ਕਿਸੇ ਨਾ ਕਿਸੇ ਰੂਪ ਕੋਈ ਨਾ ਕੋਈ ਮਹਾਨ ਵਿਅਕਤੀ ਅਵੱਸ਼ ਹੀ ਸ੍ਰਿਸ਼ਟੀ ਉਤੇ ਭੇਜ ਦਿੰਦਾ ਹੈ। ਇਨ੍ਹਾਂ ਵਿਅਕਤੀਆਂ ਨੂੰ ਹੀ ਅਵਤਾਰ ਕਿਹਾ ਜਾਂਦਾ ਹੈ ਯਥਾ :-

ਜਬ ਜਬ ਹੋਇ ਧਰਮ ਕੀ ਹਾਨੀ। ਬਾਢਹਿ ਅਸੁਰ, ਅਧਮ, ਅਭਿਮਾਨੀ।
ਕਰਹਿ ਅਨੀਤੀ ਜਾਇ ਨ ਵਰਨੀ। ਸੇਂਧਹਿ ਧੇਨ, ਬਿਪਰ, ਸੁਰ ਧਰਨੀ।
ਤਬ ਤਬ ਧਰ ਪ੍ਰਭ ਵਿਵਧ ਸ਼ਰੀਰਾ। ਹਰਹਿਂ ਕ੍ਰਿਪਾ ਨਿਧਿ ਸਜਨ ਪੀਰਾ। [ਰਾਮਾਇਣ]

ਦਸ਼ਮੇਸ਼ ਪਿਤਾ ਜੀ ਨੇ ਤਾਂ ਹੋਰ ਵੀ ਸਪਸ਼ਟ ਕਰ ਦਿਤਾ ਹੈ ਕਿ--ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਇ॥ ਤਾਂ ਤੇ ਉਤੇ ਲਿਖੇ ਅਨੁਸਾਰ ਬੀਤ ਚੁਕੇ ਜੁਗਾਂ ਵਿਚ ਜਦੋਂ ਵੀ ਸ੍ਰਿਸ਼ਟੀ ਉਤੇ ਪਾਪ, ਜ਼ੁਲਮਾਂ ਦਾ ਪਸਾਰਾ ਪਸਰਿਆ, ਤਦੋਂ ਤਦੋਂ ਹੀ ਰਾਮ ਰੂਪ ਜਾਂ ਕ੍ਰਿਸ਼ਨਾਦਿਕ ਕਿਸੇ ਨਾ ਕਿਸੇ ਸਰੂਪ ਵਿਚ ਕੋਈ ਨਾ ਕੋਈ ਅਵਤਾਰ ਪ੍ਰਗਟ ਹੁੰਦਾ ਆਇਆ।

ਅਵਤਾਰ ਦੋ ਪ੍ਰਕਾਰ ਦੇ ਹੁੰਦੇ ਹਨ, ਜਿਨ੍ਹਾਂ ਨੂੰ ਨਿੱਤ ਅਵਤਾਰ ਅਤੇ ਨਮਿੱਤ ਅਵਤਾਰ ਕਿਹਾ ਜਾਂਦਾ ਹੈ।

ਹੁਣ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਸੰਸਾਰ ਵਿਚ ਜੋ ਪਾਪਾਂ ਦੇ ਹੜ੍ਹ ਆਏ ਹੋਏ ਸਨ ਅਤੇ ਸੱਚ ਰੂਪੀ ਚੰਦ੍ਰਮੇ ਨੂੰ ਛੁਪਾਉਣ ਵਾਲੀ ਜਿਹੜੀ ਝੂਠ ਕਪਟ ਦੀ ਕਾਲੀ ਬੋਲੀ ਮਸਿਆ ਵਾਂਗ ਰਾਤ ਪਸਰੀ ਹੋਈ ਸੀ ਉਹ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚੋਂ ਪਾਠਕ ਸਵਿਸਥਾਰ ਵੇਖ ਸਕਦੇ ਹਨ।

ਉਸ ਸਮੇਂ ਦਾ ਭਯੰਕਰ ਦ੍ਰਿਸ਼ ਸਤਿਗੁਰ ਜੀ ਨੇ ਗੁਰਬਾਣੀ ਦੁਆਰਾ ਆਪ ਵੀ ਦਰਸਾਇਆ ਹੈ ਜਿਵੇਂ ਕਿ 'ਲਬ ਪਾਪ ਦੁਇ ਰਾਜਾ ਮਹਿਤਾ'...ਭਾਵ, ਲੋਭੀ ਰਾਜੇ, ਪਾਪੀ ਵਜ਼ੀਰ ਕੂੜੇ ਸਿਕਦਾਰ ਕਾਮੀਂ (ਵਿਸ਼ੱਈ) ਸਲਾਹਕਾਰ ਅਤੇ ਗਿਆਨ ਵਿਹੂਣੀ ਪਰਜਾ, ਮੂਰਖ ਪੰਡਿਤ ਆਦਿਕ ਬਲਕਿ 'ਰਾਜੇ ਸ਼ੀਂਹ ਮੁਕੱਦਮ ਕੁਤੇ'...

ਹੱਥੀਂ ਕਿਰਤ ਕਰਕੇ ਖਾਣ ਵਾਲਿਆਂ ਨੂੰ ਜਾਤ-ਅਭਿਮਾਨੀ ਲੋਕ ਸੂਦਰ ਸੂਦਰ ਆਖ ਕੇ ਦੁਰਕਾਰਨ ਲਗੇ, ਇਸਤ੍ਰੀ ਜਾਤੀ ਨੂੰ ਪੈਰਾਂ ਦੀ ਜੁੱਤੀ ਕਹਿਣ ਲਗੇ।

ਇਸ ਉਤੇ ਲਿਖੀ ਦੀਨ ਦਸ਼ਾ ਨੂੰ ਵੇਖਕੇ ਰਿੱਧੀਆਂ, ਰਿੱਧੀਆਂ ਅਤੇ ਕਰਾਮਾਤਾਂ ਦੀਆਂ ਡੀਂਗਾਂ ਮਾਰਨ ਵਾਲੇ ਸਿੱਧ, ਨਾਥੱ ਅਣੇ ਜੋਗੀ ਠੱਲਾ ਪਾਣ ਦੀ ਥਾਂ ਕੰਨੀ ਕਤਰਾ ਕੇ ਪਹਾੜਾਂ ਦੀਆਂ ਗੁੱਫਾਂ ਮੱਲ ਬੈਠੇ, ਉਸ ਵੇਲੇ 'ਕਲਮਲ ਹੋਈ ਮਦਨੀ ਅਰਦਾਸ ਕਰੇ ਵਿਲਲਾਇ'... ਗੁਰਵਾਕ ਅਨੁਸਾਰ ਦੁਖਿਤ ਹਿਰਦਿਆਂ ਦੀ ਪੁਕਾਰ ਸੁਣ ਕੇ ਗੁਰੂ ਅਕਾਲ ਪੁਰਖ ਨੇ 'ਜਲਦੀ ਸਭ ਪ੍ਰਿਥਮੀ ਦਿਸ ਆਈ', ਨੂੰ ਠਾਰਣ ਹਿਤ ਸਭ ਤੋਂ ਵਡਾ ਅਵਤਾਰ ਸਤਿਗੁਰ ਨਾਨਕ ਸੰਸਾਰ ਵਿਚ ਭੇਜਿਆ। ਯਥਾ :— ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਹਿ ਪਠਾਇਆ।

# ਗੁਰ-ਦੀਖਿਆ

ਬੋਲੋ ਭਾਈ ਜੀ ਵਾਹਗੁਰੂ ਸਾਖੀ ਚਲੀ ॥

ਦੂਜੇ ਦਿਨ ਜਦ ਮੈਂ ਫੇਰ ਸਾਹਿਬ ਜੀ ਦੇ ਹਜ਼ੂਰ ਹਾਜ਼ਰ ਹੋਇਆ ਤਾਂ ਅਰਜ਼ ਕੀਤੀ ਗ੍ਰੀਬਨਿਵਾਜ਼ ਜੀ ਕਲ ਦੇ ਪ੍ਰਸ਼ਨ ਨਾਲ ਮਿਲਦਾ ਇਕ ਹੋਰ ਪ੍ਰਸ਼ਨ ਹੈ ਜੇ ਆਗਿਆ ਹੋਵੇ ਤਾਂ ਅਰਜ਼ ਕਰਾਂ। ਬਚਨ ਹੋਇਆ ਨਿਸੰਕ ਕਰੋ ॥

ਪ੍ਰਸ਼ਨ—ਪ੍ਰਮੇਸ਼ਰ ਦਾ ਰੂਪ ਪੁਛਣੇ ਪਰ ਕੋਈ ਵਿਸ਼ਨੂੰ ਜੀ ਦੇ ਚਿਹਨ ਚੱਕ੍ਰ ਦਸਦਾ ਹੈ, ਕੋਈ ਸ਼ਿਵ ਜੀ ਦਾ; ਕੋਈ ਰਾਮਚੰਦ੍ਰ ਕ੍ਰਿਸ਼ਨਚੰਦ੍ਰ ਆਦਿਕਾਂ ਦੇ ਦਸਦਾ ਹੈ। ਸੋ ਗੁਰੂ ਮਤ ਵਿਚ ਕਿਹੜੇ ਚਿਹਨਾਂ ਚੱਕ੍ਰਾਂ ਵਾਲਾ ਪ੍ਰਮੇਸ਼ਰ ਮੰਨਿਆਂ ਹੈ ॥

ਉਤਰ—ਗੁਰੂ ਜੀ ਦੇ ਮਤ ਵਿਚ ਪ੍ਰਮੇਸ਼ਰ ਜੀ ਦੇ ਚੱਕ੍ਰ ਚਿਹਨ ਆਦਿਕਾਂ ਬਾਬਤ ਦੇਖੋ ਗੁਰ ਬਚਨ ॥

ਚੱਕ੍ਰ ਚਿਹਨ ਅਰ ਬਰੁਣ ਜਾਤ ਅਰ ਪਾਤ ਨਹਿਨ ਜਾਹਿ ॥
ਰੂਪ ਰੰਗ ਅਰ ਰਖ ਭੇਖ ਕੋਊ ਕਹੈ ਨ ਸਕਤ ਕਹਿ ॥
ਅਚਲ ਮੂਰਤਿ ਅਨਭਵ ਪ੍ਰਕਾਸ ਅਮਿਤੋਜ ਕਹਿਜੈ ॥
ਕੋਟ ਇੰਦ੍ਰ ਇੰਦ੍ਰਾਣ ਸਾਹਿ ਸਾਹਾਣ ਗਣਿਜੈ ॥
ਤ੍ਰਿਭਣ ਮਹੀਪ ਸੁਰ ਨਰ ਅਸੁਰ ਨੇਤਿ ਬਣ ਤ੍ਰਿਣ ਕਹਿਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ ॥

ਹੋਰ ਵਿਸ਼ਨੂ ਆਦਿਕ ਜੋ ਨਾਉਂ ਤੈਂ ਲਏ ਹੈਨ ਓਹ ਸਭ ਓਅੰਕਾਰ ਵਿਚ ਕਾਰਜ ਰੂਪ ਹੈਨ। ਤੇ ਉਨਾਂ ਸਭਨਾਂ ਦਾ ਕਾਰਣ ਰੂਪ ਜੋ ਸਤਿ ਚਿਤ ਆਨੰਦ ਪ੍ਰਮ ਬ੍ਰਹਮ ਰੂਪ ਏਕੜਾ ਏਕੰਕਾਰ ਹੈ ਜੋ ਓਅੰਕਾਰ ਦੇ ਆਦਿ ਵਿਚ ਗੁਰੂ ਜੀ ਨੇ ਦਿਖਾਇਆ ਹੈ, ਏਹ ਏਕੜਾ ਪ੍ਰਮ ਜੋਤਿ ਸਰੂਪ ਭਾਵੇਂ ਕਾਰਣ ਕਾਰਜ ਭਾਵ ਤੋਂ ਨਿਆਰਾ ਅਕੈਹ ਪਦ ਹੈ। ਪਰ ਤਾਂ ਭੀ ਜਿਥੋਂ ਤਕ ਕਹਿਣਾ ਸੁਨਣਾ ਹੈ ਕਾਰਣ ਰੂਪ ਹੈ। ਅਤੇ ਓਅੰਕਾਰ ਜੋ ਜਗਤ ਪ੍ਰਪੰਚ ਦਾ ਪਸਾਰਾ ਰੂਪ ਹੈ, ਇਸ ਏਕੰਕਾਰ (ਏਕੜੇ) ਦਾ ਕਾਰਜ ਹੈ ਸ੍ਰੀ ਗੁਰੂ ਜੀ ਮਹਾਰਾਜ ਨੇ ਇਸੀ ਲਈ ਓਅੰਕਾਰ ਦੇ ਆਦਿ ਵਿਖੇ ਏਕੰਕਾਰ ਰੂਪੀ ਏਕੜਾ ਲਗਾ ਦਿੱਤਾ। ਜੇ ਗੁਰੂ ਕੇ ਸਿੱਖ ਭੀ ਉਨ੍ਹਾਂ ਮਤ ਮਤਾਂਤਰਾਂ ਦੀ ਨਿਆਈਂ ਕਾਰਜ ਰੂਪਾਂ ਨੂੰ ਹੀ ਪ੍ਰਮੇਸ਼ਰ ਮੰਨਿਣ ਵਿਚ ਭੰਭਲਭੂਸੇ ਨਾ ਪਏ ਖਾਉਣ ਜਿਨ੍ਹਾਂ ਦੇ ਧਰਮ ਪੁਸਤਕਾਂ ਵਿਚ ਓਅੰਕਾਰ ਦੇ ਆਦਿ ਵਿਖੇ ਏਕੜਾ ਨਹੀਂ ਗੁਰੂ ਜੀ ਦਾ ਬਚਨ ਹੈ ॥

ਇਸ ਏਕੇ ਕਾ ਜੋ ਜਾਨਹਿ ਭੇਉ ॥
ਸੋਈ ਕਰਤਾ ਸੋਈ ਦੇਉ ॥

ਸੋ ਇਸ ਏਕੰਕਾਰ ਦੇ ਏਹ ਲਖਿਣ ਹੈਨ ॥ ਦੇਸ, ਕਾਲ, ਵਸਤੂ ਪ੍ਰਛੇਦ ਥੋਂ ਅਤੇ ਸਜਾਤੀ, ਬਿਜਾਤੀ ਸੁਗਤ ਭੇਦ, ਤੋਂ ਨਿਆਰਾ ਹੈ। ਸੋ ਦੇਸ਼ ਪ੍ਰਛੇਦ ਉਸਨੂੰ ਕਹੀਦਾ ਹੈ ਜੋ ਇਕ ਦੇਸ ਵਿਚ ਹੋਵੇ ਅਤੇ ਦੂਜੇ ਦੇਸ ਵਿਚ ਨਾ ਹੋਵੇ। ਤੇ ਕਾਲ ਪ੍ਰਛੇਦ ਏਹ ਕਿ ਜੋ ਇਕ ਸਮੇਂ ਹੋਵੇ ਤੇ ਦੂਜੇ ਸਮੇਂ ਨਾ ਹੋਵੇ ॥ ਵਸਤੂ ਪ੍ਰਛੇਦ ਏਹ ਜੀਕੁਰ ਘੜੇ ਦੇ ਨਾਲ ਕਟੋਰਾ। ਅਰਥਾਤ ਜੀਕੁਰ ਸੰਸਾਰ ਪਰ ਸਾਰੀਆਂ ਵਸਤੂ ਭਿੰਨ ਭਿੰਨ ਹੈਨ, ਈਕੁਰ ਹੀ ਹੋਰਨਾਂ ਵਸਤੂਆਂ ਨਾਲੋਂ ਜੁਦੀ ਵਸਤੂ ਹੋਵੇ। ਸੋ ਜੋ ਇਹਨਾਂ ਤਿਨਾਂ ਪ੍ਰਛੇਦਾਂ ਤੋਂ ਨਿਆਰਾ ਹੋਵੇ ਓਹੀ ਸਾਡਾ ਪ੍ਰਮੇਸ਼ਰ ਹੈ ॥

ਹੋਰ ਸਜਾਤੀ ਕਹੀਏ ਉਸਦੇ ਜਹਿਆ ਕੋਈ ਹੋਰ ਹੋਵੇ। ਵਿਜਾਤੀ ਕਹੀਏ ਜੀਕੁਰ ਮਾਨੁਖ ਦਾ ਵਿਜਾਤੀ ਪਸ਼ੂ ਪੰਖੀ। ਸੁਗਤਿ ਕਹੀਏ ਜਿਸਦੇ ਅੰਗ ਪ੍ਰਤਿਅੰਗ ਅਰਥਾਤ ਹਥ ਪੈਰ ਮੂੰਹ ਸਿਰ ਆਦਿਕ ਹੋਵਨ। ਸੋ ਜੋ ਇਨ੍ਹਾਂ ਤਿੰਨਾਂ ਭੇਦਾਂ ਵਿਚ ਨਾ ਆਵੇ ਓਹੀ ਸਾਡਾ ਵਾਹਿਗੁਰੂ ਅਕਾਲ ਪੁਰਖ ਹੈ। ਸੋ ਵਿਸ਼ਨ ਕ੍ਰਿਸ਼ਨ ਜੀ ਆਦਿਕਾਂ ਵਿਚ ਏਹ ਸਾਰੇ ਪ੍ਰਛੇਦ ਤੇ ਭੇਦ ਪਾਏ ਜਾਂਦੇ ਹੈਨ। ਇਸੀ ਲਈ ਇਨਾਂ ਨੂੰ ਪ੍ਰਮੇਸ਼ਰ ਨਹੀਂ ਮੰਨਿਆਂ, ਉਸ ਪ੍ਰਮੇਸ਼ਰ ਪ੍ਰਭੂ ਜੀ ਦੇ ਏਸ਼ੂਰਜ ਵਿਚ ਮੰਨਿਆ ਹੈ। ਸੋ ਦੇਖੋ ਮਹਾਰਾਜ ਜੀ ਦਾ ਈਸ਼ੂਰਜ ਯਥਾ ਗੁਰ ਬਚਨ।

ਕੋਟਿ ਬਿਸ਼ਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਧਰਮ ਸਾਲ ॥
ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗ ਸਾਜਣ ਲਾਏ ॥੧॥
ਐਸੋ ਧਣੀ ਗੋਵਿੰਦੁ ਹਮਾਰਾ ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥

ਤਥਾ:- "ਰੋਮ ਰੋਮ ਵਿਚ ਰਖਿਅਨ ਕਰ ਬ੍ਰਹਮੰਡ ਕਰੋੜ ਅਪਾਰਾ" ॥

ਸੋ ਤਾਤਪਰਯ ਏਹ ਕਿ ਇਤਨੇ ਜੋ ਬ੍ਰਹਮੰਡ ਹੈਨ, ਹਰ ਇਕ ਬ੍ਰਹਮੰਡ ਵਿਚ ਕਾਰ ਕਮਾਉਣ ਲਈ ਏਹ ਤਿੰਨ ਚੇਲੇ ਮੁਕਰਿਰ ਹੈਨ ॥ ਯਥਾ ਗੁਰ ਬਚਨ ॥

ਏਕਾਮਾਈ ਜੁਗਤਿ ਵਿਆਈ ਤਿਨ ਚੇਲੇ ਪਰਵਾਣ ॥
ਇਕ ਸੰਸਾਰੀ ਇਕੁ ਭੰਡਾਰੀ ਇਕ ਲਾਏ ਦੀਬਾਣੁ ॥
ਜਿਵ ਤਿਸ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣ ॥
ਓਹ ਵੇਖੈ ਓਨਾਂ ਨਦਰ ਨ ਆਵੈ ਬਹੁਤਾ ਏਹੁ ਵਿਡਾਣ ॥

ਸੋ ਏਹ ਬ੍ਰਹਮਾਂ, ਵਿਸ਼ਨੂ, ਸ਼ਿਵ ਆਦਿਕ ਜੋ ਉਤਲੇ ਬਚਨਾਂ ਵਿਚ ਬਰਨਿਨ ਹੋਏ ਹੈਨ ਇਨ੍ਹਾਂ ਚੇਲਿਆਂ ਨੇ ਹੀ ਅਵਤਾਰ ਧਾਰੇ ਇਸ ਕਰਕੇ ਏਹ ਤਿੰਨੇ ਹੀ ਅਕਾਲ ਪੁਰਖ ਜੀ ਦੇ ਸੇਵਕ ਹੈਨ। ਸੋ ਜਦ ਏਹ ਤਿੰਨੇ ਸੇਵਕ ਹੋਏ ਤਾਂ ਸੇਵਕਾਂ ਦੇ ਅਵਤਾਰਾਂ ਨੂੰ ਗੁਰੂ ਮਤ ਵਿਚ ਪ੍ਰਮੇਸ਼ਰ ਕਰਕੇ ਕਿਵੇਂ ਮੰਨਿਆ ਜਾਂਦਾ ਹੈ। ਹਾਂ ਇਤਨਾ ਭੇਦ ਹੈ ਕਿ ਉਸ ਕਾਰਣ ਰੂਪ ਏਕੰਕਾਰ ਦੇ ਏਹ ਸਾਰੇ ਪ੍ਰਧਾਨ ਅਰ ਸੇਵਕ ਹੈਨ।

ਜਗਤ ਜੀਵਾਂ ਤੇ ਉਨਾਂ ਸੇਵਕਾਂ ਪਰਮੇਸ਼ਰ ਜੀ ਵਿਚ ਇਤਨਾ ਅੰਤਰਾ ਹੈ। ਸ੍ਰੀ ਪਰਮੇਸ਼ਰ ਜੀ ਸਮੁੰਦਰ ਦੇ ਜਲਵਤ ਅਗਮ ਅਥਾਹ ਰੂਪ ਹੈ। ਵਿਸ਼ਨੂ ਜੀ ਆਦਿਕ ਨਦੀਆਂ ਤਲਾਉ ਆਦਿਕਾਂ ਦੇ ਜਲ ਤੁੱਲ। ਤੇ ਹੋਰ ਜਗਤ ਜੀਵ ਬੂੰਦਾਂ ਦੇ ਜਲ ਦੀ ਨਿਆਈਂ

ਹੈਨ। ਅਥਵਾ ਜੀਕੁਰ ਤਿੰਨ ਪ੍ਰਕਾਰ ਦੀ ਅਗਨੀ। ਇਕ ਬੜਾਵਾ, ਦੂਜੀ ਦਾਵਾ, ਤੀਜੀ ਚੁੱਲ੍ਹੇ ਦੀ ਅਗਨੀ। ਸੋ ਤਾਤਪਰਜ ਏਹ ਕਿ ਇਕ ਕਰਤਾਰ ਹੈ ਤੇ ਇਕ ਉਸਦੇ ਕੀਤੇ ਹੋਏ ਹੈਨ। ਸੋ ਕਰਤਾਰ ਨੂੰ ਹੀ ਕਰਤਾਰ ਮੰਨਣਾ ਚਾਹੀਦਾ ਹੈ ਤੇ ਉਸਦੇ ਕੀਤਿਆਂ ਨੂੰ ਕਰਤਾਰ ਨਹੀਂ ਮੰਨਣਾ। ਯਥਾ ਬਚਨ।

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਹਿ ਪ੍ਰਮੇਸਰ ਜਾਨੋ ॥

ਮੇਰਾ ਪ੍ਰਸ਼ਨ—ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਭਗਤਾਂ ਦੇ ਸ਼ਬਦਾਂ ਤਥਾ ਹੋਰ ਬਾਣੀ ਵਿਚ ਭੀ ਵਿਸ਼ਨੂ ਕ੍ਰਿਸ਼ਨੂ ਜੀ ਆਦਿਕਾਂ ਦਾ ਜੋ ਬਰਨਿਨ ਆਇਆ ਹੈ ਉਸ ਵਿਚ ਜੋ ਉਨ੍ਹਾਂ ਦੇ ਕਰਤੱਬ ਬਰਨਿਨ ਹੋਏ ਪ੍ਰਮੇਸ਼ਰ ਦੇ ਮੰਨੇ ਗਏ। ਅਥਵਾ ਜਿਨ੍ਹਾਂ ਜਿਨ੍ਹਾਂ ਸਰੂਪਾਂ ਵਿਚ ਭਗਤਾਂ ਦੀ ਸਹਾਇਤਾ ਕੀਤੀ ਉਨ੍ਹਾਂ ਦੇ ਬਾਬਤ ਜੋ ਬਰਨਿਨ ਹੈ ਉਹ ਭੀ ਏਹ ਪ੍ਰਤੀਤ ਹੋਂਦਾ ਹੈ ਕਿ ਪਰਮੇਸ਼ਰ ਦੇ ਸਰੂਪ ਸਨ, ਪਰ ਉਹ ਸਾਰੇ ਦੇਸ਼ ਕਾਲ ਵਸਤੂ ਪ੍ਰਛੇਦ ਅਤੇ ਸਜਾਤੀ ਵਿਜਾਤੀ ਸੁਗਤ ਭੇਦ ਵਾਲੇ ਸੇ ਉਨ੍ਹਾਂ ਨੂੰ ਪਰਮੇਸ਼ਰ ਕਿਉਂ ਮੰਨਿਆ।

ਸਾਹਿਬ ਜੀ ਦਾ ਉੱਤਰ—ਉਨਾਂ ਸਰੂਪਾਂ ਦੇ ਕਾਰਣ ਨੂੰ ਪਰਮੇਸ਼ਰ ਮੰਨਿਆਂ ਹੈ। ਉਨ੍ਹਾਂ ਕਾਰਜ ਰੂਪਾਂ ਨੂੰ ਪਰਮੇਸ਼ਰ ਮਹੀਂ ਮੰਨਿਆ ਜੀਕੁਰ ਇਕ ਸ੍ਵਾਂਗੀ ਕਈ ਪ੍ਰਕਾਰ ਦੇ ਸ੍ਵਾਂਗ ਧਾਰਨ ਕਰਦਾ ਹੈ ਤਾਂ ਉਨਾਂ ਸ੍ਵਾਂਗਾਂ ਵਿਚ ਜੋ ਕੁਛ ਕਰਤੱਬ ਹੋਂਦੇ ਹੈਨ ਉਹ ਸਾਰੇ ਨਟ ਦੇ ਗਿਣੇ ਜਾਂਦੇ ਹੈਨ। ਅਤੇ ਉਹ ਨਟ ਕਾਰਣ ਹੈ ਅਰ ਸ੍ਵਾਂਗ ਕਾਰਜ। ਸੋ ਸ੍ਵਾਂਗਾਂ ਨੂੰ ਨਟ ਨਹੀਂ ਮੰਨਿਆ ਜਾਂਦਾ ਨੱਟ ਉਹੀ ਹੈ ਜੋ ਸ੍ਵਾਂਗੀ ਹੈ। ਇਸੀ ਪ੍ਰਕਾਰ ਪ੍ਰਮੇਸ਼ਰ ਜੋ ਹੈ ਸ੍ਵਾਂਗੀ ਹੈ ਅਤੇ ਜਿਨ੍ਹਾਂ ਰੂਪਾਂ ਦਾ ਤੁਸੀਂ ਜ਼ਿਕਰ ਕੀਤਾ ਨੂੰ ਉਹ ਸ੍ਵਾਂਗ ਹੈਨ। ਉਨ੍ਹਾਂ ਸ੍ਵਾਂਗਾਂ ਵਿਚ ਜੋ ਜੋ ਕਰਤੱਬ ਹੋਏ ਸਭ ਸ੍ਵਾਂਗੀ ਦੇ ਖੇਲ ਹੈਨ। ਸ੍ਵਾਂਗ ਸ੍ਵਾਂਗੀ ਨਹੀਂ।

---


# ਦਾਨੀ ਸੱਜਣਾਂ ਨੂੰ ਅਪੀਲ

## ਮਨਸੂਰਾਂ ਵਿਖੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ

# ਮੈਮੋਰੀਅਲ ਹਸਪਤਾਲ

**ਦੀ ਦੂਸਰੀ ਮੰਜ਼ਲ ਦੀ ਉਸਾਰੀ ਸ਼ੁਰੂ ਹੋ ਗਈ ਹੈ। ਤਖਮੀਨਾ ਖਰਚਾ 3 ਲੱਖ ਰੁਪਏ ਦਾ ਹੈ। ਦਾਨੀ ਸੱਜਣ ਗੁਰੂ ਘਰ ਨੂੰ ਆਪਣੀ ਮਾਇਆ ਘਲ ਕਮਾਈ ਸਫਲੀ ਕਰਨ।**

# ਰਾਜਾ ਜੋਗੀ

ਅਰਥਾਤ ਜੀਵਨ ਕਥਾ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

( ਵਲੋਂ : ਸ੍ਰੀਮਾਨ ਗਿਆਨੀ ਈਸ਼ਰ ਸਿੰਘ ਜੀ ਨਾਰਾ )

## ਮਾਈ ਦੀ ਦੁਧ ਭੇਟਾ ਪਰਵਾਨ ਕਰਣੀ

ਇਥੇ 'ਨੰਗਲ' ਵਿਚ ਇਕ ਮਾਈ ਬੜੀ ਸੰਤੋਖਵਾਨ ਰਹਿੰਦੀ ਸੀ। ਇਹ ਦੁੱਧ ਦਾ ਡੋਲਾ ਭਰ ਕੇ ਹਾਜ਼ਰ ਹੋਈ ਤੇ ਬੇਨਤੀ ਕੀਤੀ, ਮਹਾਰਾਜ ! ਇਹ ਦੁੱਧ ਪਰਵਾਨ ਕਰਕੇ ਆਪਣੇ ਕੁਤਿਆਂ ਨੂੰ ਪਿਲਾ ਦਿਓ। ਹਜ਼ੂਰ ਨੇ ਪੁਛਿਆ ਕਿਉਂ ? ਤਾਂ ਇਸ ਨੇ ਦਸਿਆ ਕਿ ਮੇਰੀ ਮੈਂਹ ਦੇ ਦੋਹੀਂ ਥਣੀਂ ਦੁੱਧ ਸੁੱਕ ਗਿਆ ਸੀ। ਸੁਖਨਾ ਸੁਖੀ ਸੀ ਕਿ ਦੁੱਧ ਉਤਰ ਆਇਆ ਤਾਂ ਪਹਿਲਾਂ ਗੁਰੂ ਦੇ ਕੁਤਿਆਂ ਨੂੰ ਪਿਆਵਾਂਗੀ। ਸੋ ਹੁਣ ਮੇਰੀ ਮੱਝ ਨੂੰ ਦੁੱਧ ਹੋ ਆਇਆ ਉਤਰ ਆਇਆ ਹੈ। ਦੁੱਧ ਲਿਆਈ ਹਾਂ, ਕਿਰਪਾ ਕਰਕੇ ਕੁਤਿਆਂ ਨੂੰ ਪਿਆ ਦੇਵੋ ਬਾਬਾ ਜੀ ਨੇ ਇਸ ਦੀ ਸ਼ਰਧਾ ਭਗਤੀ ਅਨੁਸਾਰ ਇਸੇ ਤਰ੍ਹਾਂ ਕੀਤਾ। ਡੇਰੇ ਦੇ ਕੁਤਿਆਂ ਨੂੰ ਮੰਗਵਾ ਕੇ ਉਹਦੇ ਸਾਹਵੇਂ ਹੀ ਦੁੱਧ ਪਿਆ ਦਿਤਾ। ਇਥੇ ਇਕ ਅੱਧ ਦਿਨ ਹੀ ਨਿਵਾਸ ਕੀਤਾ ਫਿਰ ਆਪ ਜੀ 'ਹਮੀਰਪੁਰ ਆਣ ਬਿਰਾਜੇ।

## 'ਹਮੀਰਪੁਰ' ਸਰੋਵਰ ਦੀ ਮਹੱਤਤਾ ਪ੍ਰਗਟ ਕਰਨੀ

ਹਮੀਰਪੁਰ ਦੇ ਸ. ਰਤਨ ਸਿੰਘ ਨੇ ਸਹਿਤ ਸੰਗਤ ਦੇ ਬੜੇ ਉਤਸ਼ਾਹ ਨਾਲ ਬਾਬਾ ਜੀ ਦੀ ਸੇਵਾ ਕੀਤੀ। ਆਪ ਦੀ ਆਮਦ ਸੁਣ ਕੇ 'ਜੇਧਮਸੂਰ' ਦੀ ਸੰਗਤ ਵੀ ਦਰਸ਼ਨ ਨੂੰ ਆਈ ; ਘੋੜੇ, ਸ਼ਸ਼ਤਰ, ਅਤੇ ਨਕਦੀ ਆਦਿਕ ਦੀ ਬਹੁਤ ਭੇਟਾ ਅਰਪਨ ਕੀਤੀ। ਬਾਬਾ ਜੀ ਨੇ ਸਾਰਿਆਂ ਨੂੰ ਸਤਿਕਾਰਿਆ ਅਤੇ ਲੰਗਰ ਵਿਚੋਂ ਪ੍ਰਸ਼ਾਦ ਛਕਣ ਦੀ ਪ੍ਰੇਰਨਾ ਕੀਤੀ।

ਇਥੇ ਇਕ ਸੁੰਦਰ ਤੇ ਪਾਣੀ ਨਾਲ 'ਭਰਿਆ ਤਾਲਾਬ' ਸੀ, ਬਾਬਾ ਜੀ ਨੇ ਆਖਿਆ— ਇਹ ਬੜੀ ਮਹੱਤਤਾ ਭਰਿਆ ਸਰੋਵਰ ਹੈ, ਇਸ ਵਿਚ ਜੋ ਸ਼ਰਧਾ ਪੂਰਵਿਕ ਇਸ਼ਨਾਨ ਕਰੇਗਾ ਉਸਦੇ ਦੁਖ ਦਲਿਦਰ ਦੂਰ ਹੋ ਜਾਣਗੇ।

## ਬ੍ਰਾਹਮਣੋ ਦਾ ਪਾਖੰਡ ਤੋੜਿਆ

ਬਾਬਾ ਜੀ ਦੇ ਨਾਲ ਬਹੁਤੇ ਘੋੜ ਸਵਾਰ ਵੀ ਰਹਿੰਦੇ ਸਨ। ਇਹ ਘੋੜਿਆਂ ਲਈ ਪੱਠਾ ਲਿਆਉਣ ਨੂੰ ਜੰਗਲ ਵਿਚ ਗਏ ਤਾਂ ਇਨ੍ਹਾਂ ਨੂੰ ਇਹ ਪਤਾ ਨਹੀਂ ਸੀ ਇਹ 'ਜੂਹ' ਇਕ ਮੁਸੱਦਾ ਸਿੰਹ ਬ੍ਰਾਹਮਣ ਦੀ ਹੈ। ਜਦੋਂ ਸਿੰਘਾਂ ਨੇ ਘਾਸ ਦੀਆਂ ਭਰੀਆਂ ਬੰਨ ਕੇ ਸਿਰ ਤੇ ਚੁਕੀਆਂ ਤਾਂ ਇਸ ਦੇ ਬੰਦਿਆਂ ਨੇ ਸ਼ੋਰ ਮਚਾਇਆ ਤੇ ਹੱਥੀਂ ਆਣ ਪਏ। ਬਾਬਾ ਜੀ ਦੇ ਸੇਵਕਾਂ ਨੇ ਇਨ੍ਹਾਂ ਨੂੰ ਮਾਰ ਹਟਾਇਆ, ਅਤੇ ਪੱਠੇ ਲਿਆ ਘੋੜਿਆਂ ਨੂੰ ਪਾ ਦਿਤੇ।

ਮੁਸੱਦਾ ਸਿੰਹੁ ਦੇ ਬੰਦਿਆਂ ਨੇ ਘਰ ਜਾ ਕੇ ਫਰਿਆਦ ਕੀਤੀ। ਇਹ ਆਪ ਤਾਂ ਘਰ ਨਹੀਂ ਸੀ, ਪਰ ਇਹਦੀ ਮਾਈ ਨੇ ਇਕ ਫਰਯਾਦੀ ਨੂੰ ਬਨਾਉਟੀ ਮੁਰਦਾ ਬਣਾ ਕੇ ਮੰਜੇ ਉਤੇ

ਪਾਇਆ, ਅਤੇ ਚੁਕਾ ਕੇ ਬਾਬਾ ਜੀ ਦੇ ਸਾਹਮਣੇ ਮੰਜਾ ਰਖ ਕੇ ਹਾਲ ਪਾਹਰਿਆ ਸ਼ੁਰੂ ਕਰ ਦਿਤੀ, ਕਿ ਆਪ ਦੇ ਸਿੱਖਾਂ ਨੇ ਮੇਰੇ ਨੌਕਰ ਨੂੰ ਮਾਰ ਸੁਟਿਆ, ਨਾਲੇ ਘਾਸ ਵੀ ਲੁੱਟ ਲਿਆਂਦਾ ਹੈ। ਐਨਾ ਧੱਕਾ ਕਰਨਾ ਚੰਗਾ ਨਹੀਂ ਹੈ। ਬਾਬਾ ਜੀ ਇਹਦੇ ਬਨਾਉਟੀ ਰੋਣ ਚੀਕਣ ਤੇ ਮੁਸਕਾਏ। ਆਖਿਆ—ਜੀਹਦੀ ਮੌਤ ਆਉਂਦੀ ਹੈ, ਉਹ ਜੀ ਨਹੀਂ ਸਕਦਾ। ਤੂੰ ਕਿਉਂ ਏਨੀ ਕਲਪਦੀ ਹੈਂ ? ਇਕ ਦੀ ਥਾਂ ਦੋ ਬੰਦੇ ਹੋਰ ਨੌਕਰ ਰਖ ਲੈ। ਤਨਖਾਹ ਅਸੀਂ ਦਿਆਂਗੇ ਤੇ ਘਾਸ ਦੀ ਕੀਮਤ ਵੀ ਮੰਗ ਲੈ ? ਪਰ ਬ੍ਰਾਹਮਣੀ ਨੇ ਫਿਰ ਵੀ ਚੁਪ ਨਾ ਕੀਤੀ। ਬਾਬਾ ਜੀ ਨੇ ਇਕ ਸੇਵਕ ਨੂੰ ਧੀਰੇ ਹੀ ਆਖਿਆ ਕਿ ਅਗ ਦੀ ਚੁਆਤੀ ਲਿਆ ਕੇ ਇਸ ਬਨਾਉਟੀ ਮੁਰਦੇ ਦੇ ਮੂੰਹ ਵਿਚ ਦੇ ਦਿਹ। ਐਸਾ ਕੀਤਾ ਗਿਆ ਤਾਂ ਉਹ ਚੀਕਾਂ ਮਾਰਦਾ ਉੱਠ ਨਸਿਆ। ਜੀਹਨੂੰ ਫੜਕੇ ਬੰਨ ਲਿਆ ਗਿਆ, ਤੇ ਪਿਛੋਂ ਮੁਆਫੀ ਮੰਗ ਕੇ ਉਹਨੇ ਆਪਣੀ ਜਾਨ ਛੁਡਾਈ।

ਇਥੇ ਹਮੀਰ ਪੁਰ ਵਿਚ ਜਿਥੇ ਬਾਬਾ ਜੀ ਦਾ ਡੇਰਾ ਸੀ, ਪਿੰਡ ਦੀ ਸੰਗਤ ਨੇ ਉਤਸ਼ਾਹ ਪਿਆਰ ਨਾਲ ਮਿਲ ਕੇ ਉਥੇ ਗੁਰਦਵਾਰਾ ਬਣਾਇਆ। ਜੋ ਹਜ਼ੂਰ ਨੇ ਨਾਮ ਤੇ 'ਦਮਦਮਾਂ ਬਾਬਾ ਸਾਹਿਬ ਸਿੰਘ ਜੀ' ਹੁਣ ਤੀਕ ਮਸ਼ਹੂਰ ਹੈ। ਇਥੋਂ ਚਾਲੇ ਪਾਕੇ ਆਪ ਸ੍ਰੀ ਊਨੇ ਸਾਹਿਬ ਜਾ ਬਿਰਾਜੇ।

## ਮਹਾਰਾਜਾ ਰਣਜੀਤ ਸਿੰਘ ਨੇ ਚਪੜਾਲ ਦਾ ਇਲਾਕਾ ਭੇਟ ਕਰਨਾ

ਸ੍ਰੀ ਨਨਕਾਣਾ ਸਾਹਿਬ ਲੰਗਰ ਦੀ ਸੇਵਾ ਕਰਾਉਣ ਪਿਛੋਂ ਜਦੋਂ ਬਾਬਾ ਜੀ ਨੇ ਊਨੇ ਚਾਲੇ ਪਾਏ ਸਨ, ਤਾਂ ਸਰਦਾਰ ਰਣਜੀਤ ਸਿੰਘ ਜੀ ਵੀ ਆਪਣੀ ਮਾਤਾ ਸਣੇ ਗੁਜਰਾਂਵਾਲੇ ਨੂੰ ਚਲੇ ਗਏ ਸਨ। ਆਪ ਹੁਣ ਚੰਗੀ ਤਰਾਂ ਬੇਖਟਕੇ ਰਾਜ ਪ੍ਰਬੰਧ ਵਿਚ ਜੁਟੇ ਪਏ ਸਨ। ਇਥੇ ਆਪ ਨੇ ਕਈ ਸੌ ਨਵੇਂ ਜਵਾਨ ਹੋਰ ਵੀ ਭਰਤੀ ਕਰ ਲਿਤੇ ਸੀ, ਅਤੇ ਸਾਰੇ ਦੇਸ਼ ਵਿਚ ਇਸ ਗਲ ਦਾ ਪਤਾ ਹੋ ਗਿਆ ਸੀ ਕਿ ਸ: ਰਣਜੀਤ ਸਿੰਘ ਨਾਲ ਟੱਕਰ ਲੈਣੀ ਹੁਣ ਸੌਖੀ ਗਲ ਨਹੀਂ ਹੈ; ਕਿਉਂਕਿ ਬਾਬਾ ਸਾਹਿਬ ਸਿੰਘ ਜੀ ਦੀ ਪੂਰੀ ਸੰਮਤੀ ਇਸ ਦੇ ਨਾਲ ਹੈ। ਫਿਰ ਵੀ ਬਾਬਾ ਜੀ ਦੇ ਊਨੇ ਚਲੇ ਜਾਣ ਕਲਕੇ ਰਣਜੀਤ ਸਿੰਘ ਉਤੇ ਅਕਲਿਆਂ ਕੋਈ ਨ ਕੋਈ ਔਕੜ ਬਣੀ ਹੀ ਰਹਿੰਦੀ ਸੀ।

ਇਨ੍ਹਾਂ ਦਿਨਾਂ ਵਿਚ ਰਾਜਾ ਜੋਧ ਸਿੰਘ ਵਜ਼ੀਰਾ ਬਾਦੀਏ ਨੇ ਆਪ ਉਤੇ ਕਿਸੇ ਕਾਰਨ ਹੱਲਾ ਬੋਲ ਦਿਤਾ ਹੋਇਆ ਸੀ। ਉੱਠੀ ਗਰਾਮ' ਵਿਚ ਸਰਦਾਰ ਜੀ ਨੂੰ ਸਖਤ ਔਕੜ ਬਣ ਚੁੱਕੀ ਸੀ। ਜਿਸ ਤੇ ਬਾਬਾ ਜੀ ਪਾਸੋਂ ਮਦਦ ਦੀ ਮੰਗ ਕਰ ਭੇਜੀ। ਬਾਬੇ ਜੀ ਨੇ ਉਸੇ ਵੇਲੇ ਤਿਆਰੀ ਕਰਕੇ ਚਾਲੇ ਪਾ ਦਿਤੇ ਅਤੇ ਦੁਆਬੇ ਵਿਚੋਂ ਲੰਘਦੇ ਹੋਏ ਕਰਤਾਰਪੁਰ ਆਣ ਮੁਕਾਮ ਕੀਤਾ।

ਇਥੋਂ ਦੇ ਸੋਢੀ ਗੁਲਾਬ ਸਿੰਘ ਜੀ ਨੇ ਸਤਕਾਰ ਸਹਿਤ ਆਣ ਕੇ ਦਰਸ਼ਨ ਕੀਤੇ। ਇਨ੍ਹਾਂ ਦੇ ਕੋਈ ਸੰਤਾਨ ਨਹੀਂ ਸੀ ਇਸ ਲਈ ਬਾਬਾ ਜੀ ਪਾਸੋਂ ਵਰਦਾਨ ਦੀ ਮੰਗ ਕੀਤੀ। ਇਸ ਵੇਲੇ ਦੀਵਾਨ ਵਿਚ ਜੇਹੜਾ ਕੀਰਤਨੀਆਂ ਕੀਰਤਨ ਕਰ ਰਿਹਾ ਸੀ, ਬਾਬਾ ਜੀ ਨੇ ਇਸ ਵਲ ਮੁਸਕਰਾ ਕੇ ਇਸ਼ਾਰਾ ਕੀਤਾ, ਕਿ ਇਹ ਤੁਸਾਡੇ ਘਰ ਪੁੱਤਰ ਹੋ ਕੇ ਜਨਮੇਗਾ।

'ਕਰਤਾਰ ਪੁਰ' ਤੋਂ ਚਲਕੇ ਹਜ਼ੂਰ ਸ੍ਰੀ ਅੰਮ੍ਰਿਤਸਰ ਆਏ। ਸ਼ੈਹਰੋਂ ਬਾਹਰ ਵਾਰ ਡੇਰਾ ਕਰਕੇ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਕੀਤੇ। ਸ੍ਰੀ ਬਾਬਾ ਜੀ ਦੇ ਅੰਮ੍ਰਿਤਸਰ

ਪੁੱਜਣ ਦੀ ਖਬਰ ਦੋਹਾਂ ਧਿਰਾਂ ਨੂੰ ਹੋ ਗਈ ਸੀ, ਜਿਸ ਤੇ ਰਾਜਾ ਜੋਧ ਸਿੰਘ ਨੇ ਸ: ਰਣਜੀਤ ਸਿੰਘ ਦੀ ਧਿਰ ਭਾਰੀ ਜਾਣ ਕੇ ਲੜਾਈ ਬੰਦ ਕਰਾ ਦਿਤੀ ਤੇ ਪਿੱਛੇ ਨੂੰ ਪਰਤ ਗਿਆ। ਇਧਰ ਹਜ਼ੂਰ ਨੂੰ ਪਤਾ ਲਗਾ ਕਿ ਰਣਜੀਤ ਸਿੰਘ ਦਾ ਕਾਰਜ ਸਿੱਧ ਹੋ ਗਿਆ ਹੈ, ਆਪ ਅਗੇ ਨਹੀਂ ਵਧੇ ਤੇ ਅੰਮ੍ਰਿਤਸਰ ਵਿਚ ਹੀ ਨਿਵਾਸ ਰਖਿਆ । ਪਰ ਰਣਜੀਤ ਸਿੰਘ ਜੀ ਨੇ ਸਿੱਧੇ ਸ੍ਰੀ ਅੰਮ੍ਰਿਤਸਰ ਆਣ ਕੇ ਧੰਨਵਾਦ ਕਰਦਿਆਂ ਬਾਬਾ ਜੀ ਦੇ ਦਰਸ਼ਨ ਕੀਤੇ। ਪਰਸਪਰ ਦਿਲ ਦੀਆਂ ਗੱਲਾਂ ਸੁਣਾਈਆਂ। ਚਲਣ ਸਮੇਂ ੧ ਘੋੜਾ ਕਈ ਹਜ਼ਾਰ ਨਕਦੀ ਅਤੇ 'ਚਪੜਾਲ' ਦੇ ਅਲਾਕੇ ਦਾ ਪੱਟਾ ਭੇਟਾ ਕਰਕੇ ਬੇਨਤੀ ਕੀਤੀ--ਮਹਾਰਾਜ ! ਆਪ ਪ੍ਰਵਾਨਗੀ ਬਖਸ਼ੋ ਤੇ ਲਾਹੌਰ ਦੇ ਨੇੜੇ ਹੀ ਚਪੜਾਲ ਵਿਚ ਆ ਕੇ ਨਿਵਾਸ ਰਖੋ।

ਭਾਵੇਂ ਸ੍ਰੀ ਬਾਬਾ ਜੀ, ਆਪਣੇ ਹੱਥੀਂ ਲਾਏ ਬੂਟੇ ਦੀ ਰਾਖੀ ਕਰਨੀ ਆਪਣਾ ਮੁਖ ਮੰਤਵ ਸਮਝਦੇ ਸਨ। ਪਰ ਸਰਦਾਰ ਰਣੀਤ ਸਿੰਘ ਨੇ 'ਚਪੜਾਲ' ਦਾ ਪਰਗਣਾਂ ਭੇਟਾ ਕਰਕੀ ਬਾਬਾ ਜੀ ਨੂੰ 'ਉਨੇ' ਥੀਂ ਆਪਣੇ ਨੇੜੇ ਖਿੱਚ ਲਿਆਵਨ ਦੀ ਜੋ ਸੋਚ ਸੋਚੀ ਇਸ ਤੇ ਬਾਬਾ ਜੀ ਮੁਸਕਰਾਏ ਅਤੇ ਇਨ੍ਹਾਂ ਦੀ ਸੂਝ ਬੂਝ ਦੀ ਸ਼ਲਾਘਾ ਕਰਦਿਆਂ ਪ੍ਰਵਾਨ ਕੀਤਾ।

ਕੁਝ ਦਿਨ ਸ੍ਰੀ ਅੰਮ੍ਰਿਤਸਰ ਨਿਵਾਸ ਰਖਣ ਉਪ੍ਰੰਤ ਸਰਦਾਰ ਰਣਜੀਤ ਸਿੰਘ ਮੁੜ ਗੁਜਰਾਂਵਾਲੇ ਨੂੰ, ਅਤੇ ਬਾਬਾ ਜੀ ਚਪੜਾਲ ਦੇ ਪ੍ਰਬੰਧ ਨੂੰ ਸੰਭਾਲਨ ਲਈ ਚਪੜਾਲ ਨੂੰ ਚਲੇ ਗਏ।

## ਸ਼ਾਹ ਜ਼ਮਾਨ ਦਾ ਪੰਜਾਬ ਵਿਚ ਆਉਣਾ

੧੮੫੩ ਬਿਕ੍ਰਮੀ ਵਿਚ 'ਸ਼ਾਹ ਜ਼ਮਾਨ ਬਾਦਸ਼ਾਹ ਕਾਬਲ' ਦਾ ਜੋ ਪਠਾਣਾਂ ਦੀ ਭਾਰੀ ਫੌਜ ਸਮੇਤ ਪੰਜਾਬ ਵਿਚ ਆਇਆ ਤੇ ਲਾਹੌਰ ਪੁਜਾ, ਤਾਂ ਇਸ ਗਲ ਦੀ ਖਬਰ ਬਾਬਾ ਜੀ ਤਾਈਂ ਚਪੜਾਲੇਂ ਹੋਈ। ਉਸੇ ਵੇਲੇ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਨੂੰ ਮੁਖ ਰਖਦਿਆਂ ਆਪ ਨੇ ਚਾਲੇ ਪਾ ਦਿਤੇ। ਥੋੜੇ ਹੀ ਦਿਨਾਂ ਅੰਦਰ ਆਪਣੇ ਜਵਾਨਾਂ ਸਮੇਤ ਸ੍ਰੀ ਅੰਮ੍ਰਿਤਸਰ ਆ ਨਿਵਾਸ ਕੀਤਾ।

ਇਨ੍ਹੀਂ ਦਿਨੀਂ ਪੰਜਾਬ ਦੀ ਹਾਲਤ ਬਹੁਤ ਵਿਗੜ ਚੁਕੀ ਹੋਈ ਸੀ। ਕਈ ਸਿੱਖ ਸਰਦਾਰ ਤਾਂ ਆਪਣੀ-ਆਪਣੀ ਥਾਂ ਮੱਲਾਂ ਮੱਲੀ ਬੈਠੇ ਅਤੇ ਇਕ ਦੂਜੇ ਨੂੰ ਹੇਠੀ ਦਸਣ ਦੀ ਆਹਰੇ ਲਗੇ ਰਹਿੰਦੇ ਸਨ। ਬਾਬਾ ਜੀ ਨੇ ਅੰਮ੍ਰਿਤਸਰ ਆ ਕੇ ਇਨਾਂ ਸਾਰਿਆਂ ਨੂੰ ਇਕੱਤਰ ਹੋਣ ਲਈ ਸੱਦੇ ਦਿਤੇ ਕਿ ਸਮੁਚੇ ਤੌਰ ਤੇ ਪੰਥ ਇਕੱਠਾ ਹੋ ਕੇ ਦੁਸ਼ਮਣ ਦਾ ਮੁਕਾਬਲਾ ਕਰੇ। ਪਰ ਐਸੇ ਕਰੜੇ ਦੁਸ਼ਮਣ ਦਾ ਆਉਣਾ ਸੁਣ ਕੇ ਸਭਨਾਂ ਨੂੰ ਇਕ ਤਰ੍ਹਾਂ ਦੀ ਆਪੋ ਧਾਪੀ ਪੈ ਚੁਕੀ ਸੀ। ਕਈ ਜਥੇ ਤਾਂ ਜੰਗਲਾਂ ਵਿਚ ਜਾ ਟਿਕੇ ਅਤੇ ਕਈ ਪਹਾੜਾਂ ਉਤੇ ਜਾ ਚੜ੍ਹੇ ਸਨ। ਮਾਨੋਂ ਦੇਸ਼ ਵਿਚ ਭਗਦੜ ਜੇਹੀ ਮਚ ਗਈ ਸੀ, ਪਰ ਆਪ ਬਾਬਾ ਜੀ ਦਾ ਅੰਮ੍ਰਿਤਸਰ ਵਿਚ ਪੁੱਜ ਜਾਣਾ ਸੁਣ ਕੇ ਸ: ਰਣਜੀਤ ਅਤੇ ਸ਼ੰਕਰ ਵਾਲ ਦੇ ਸ, ਹਰੀ ਤੇ ਹੋਰ ਵੀ ਕੁਝ ਕੁ ਜੰਗਲੀ ਪਹਾੜੀਂ ਜਾ ਚੁਕਿਆਂ ਵਿਚੋਂ ਆ ਕੇ ਇਕੱਤਰ ਹੋ ਗਏ, ਤੇ ਸਾਂਝੇ ਬਲ ਨਾਲ ਲੜਨ ਦੀਆਂ ਵੀਚਾਰਾਂ ਸੋਚਣ ਲਗੇ।

ਇਸ ਵੇਲੇ ਬਾਬਾ ਜੀ ਦੇ ਨਾਲ ਵੀ ਦਸ ਬਾਰਾਂ ਸੌ ਦੇ ਲਗਭਗ ਲੜਾਕੇ ਜਵਾਨ ਸਨ। ਉਹਨਾਂ ਵਿਚੋਂ ਕੁਝ ਸ੍ਰੀ ਦਰਬਾਰ ਸਾਹਿਬ ਦੀ ਰਾਖੀ ਲਈ ਅਪਣੇ ਪਾਸ ਰਖੇ ਅਤੇ ਕੁਝ

ਬਾਕੀ ਦੇ ਜਥਿਆਂ ਨਾਲ ਰਲਾ ਕੇ ਟੋਰ ਦਿਤੇ। ਜੇਹੜੇ ਕੀਤੇ ਗੁਰਮਤੇ ਅਨੁਸਾਰ ਰਾਤੀਂ ਲਾਹੌਰ ਤੇ ਛਾਪਾ ਮਾਰਦੇ ਅਤੇ ਦਿਨੇ ਜੰਗਲੀਂ ਜਾ ਛਿਪਦੇ ਸਨ। ਸਰਦਾਰ ਰਣਜੀਤ ਸਿੰਘ ਦੀ ਕਮਾਨ ਹੇਠਾਂ ਇਸ ਤਰਾਂ ਦੇ ਹੱਲੇ ਕਈ ਮਹੀਨੇ ਜਾਰੀ ਰਹੇ।, ਜਿਨ੍ਹਾਂ ਥੀਂ ਤੰਗ ਆ ਕੇ ਬਾਦਸ਼ਾਹ ਸ਼ਾਹਜ਼ਮਾਂ ਆਪ ਪਿੱਛੇ ਪਰਤ ਗਿਆ, ਅਤੇ ਆਪਣੀ ਥਾਂ ਸਿੱਖਾਂ ਦੇ ਸਰ ਕਰਣ ਨੂੰ ਆਪਣੇ ਜਰਨੈਲ ਸ਼ਾਹਾਂਨਚੀ ਖਾਂ ਨੂੰ ਥਾਪ ਗਿਆ।

ਸ਼ਾਹ ਜ਼ਮਾਂ ਦੇ ਚਲੇ ਜਾਣ ਦੀ ਖਬਰ ਜਦੋਂ ਬਾਬਾ ਜੀ ਨੇ ਕੰਨੀ ਸੁਣੀ ਤਾਂ ਆਈ ਬਲਾ ਟਲੀ ਜਾਣ ਕੇ ਖੁਸ਼ੀ ਵਿਚ ਹਰੀ ਮੰਦਰ ਵਿਚ ਦੀਪਮਾਲਾ ਕਰਾਈ ਤੇ ਕੜਾਹ ਪ੍ਰਸ਼ਾਦ ਦੀ ਖੁਲੀ ਦੇਗ ਵਰਤਾਈ।

## ਤੁਰਕ ਲੁਹਾਰ ਦਾ ਉਧਾਰ ਕੀਤਾ

ਇਕ ਦਿਨ ਇਕ ਤੁਰਕ ਲੁਹਾਰ ਨੇ ਬਾਬਾ ਜੀ ਦੇਸਨਮੁਖ ਸਿਰ ਨਿਵਾ ਕੇ ਸਲਾਮ ਕੀਤੀ ਤੇ ਹੱਥ ਜੋੜ ਕੇ ਜੋੜਿਆਂ ਵਿਚ ਖਲੋ ਗਿਆ ਸ੍ਰੀ ਬਾਬਾ ਜੀ ਨੇ ਪੁਛਿਆ ਤਾਂ ਇਸ ਨੇ ਆਖਿਆ—ਸਾਹਿਬ। ਸਾਹਿਬ ! ਮੈਂ ਗਰੀਬ ਨਿਮਾਣਾਂ ਹਾਂ, ਮੇਰਾ ਵੀ ਬੇੜਾ ਪਾਰ ਕਰੋ। ਅਤੇ ਰੱਬ ਦੇ ਰਾਹ ਦੀ ਸੋਝੀ ਬਖਸ਼ੋ। ! ਹਜ਼ੂਰ ਨੇ ਇਸ ਦੀ ਮਾਨਸਿਕ ਨਿਮਰਤਾ ਤੇ ਰਬ ਵਲ ਝੁਕਾਉ ਦੇਖ ਕੇ ਫੁਰਮਾਇਆ—ਸ਼ਾਬਾਸ ਓਇ ਸ਼ੈਤਾਨ ਸ਼ਾਹ। ਜਿਸ ਨੂੰ ਰੱਬ ਦੇ ਰਾਹੇ ਚਲਣ ਦਾ ਸ਼ੌਕ ਹੈ। ਆਖਿਆ—ਬੇੜਾ ਪਾਰ ਕਰਣ ਵਾਲਾ ਤਾਂ ਵਾਹਿਗੁਰੂ ਦਾ ਨਾਮ ਹੈ। ਜਿਸ ਦੇ ਮਨ ਵਿਚ ਵਸ ਜਾਣ ਨਾਲ ਅਨੁਭਵ ਖੁਲ੍ਹਦਾ ਹੈ ਤੇ 'ਸੱਚੇ ਰਬ ਦੇ ਮਾਰਗ' ਵਿਚ ਚਲਦਿਆਂ ਨੂੰ ਸਹਾਇਤਾ ਮਿਲਦੀ ਹੈ। ਮਨ ਵਿਚ ਵਸਾ ਕੇ ਤੂੰ ਵੀ ਸਿਮਰਨ ਕਰੇਂ ? ਤਾਂ ਬੇੜਾ ਜ਼ਰੂਰ ਪਾਰ ਹੋ ਜਾਇਗਾ।

ਇਹ ਬਚਨ ਸੁਣ ਕੇ ਲੁਹਾਰ ਨੇ ਸਿਰ ਨਿਵਾਇਆ। ਵਾਹਿਗੂਰੂ ਦਾ ਨਾਮ, ਮਾਨੋ ਇਹਦੇ ਹਿਰਦੇ ਵਿਚ ਉਕਰਿਆ ਗਿਆ। ਮਸਤਾਨੀ ਦਸ਼ਾ ਵਿਚ ਇਹ 'ਰਾਮਗੜ੍ਹ' ਕਿਲ੍ਹੇ ਪਾਸ ਹੀ ਰਹਿਣ ਲਗਾ ਤੇ ਇਸ ਦਾ ਨਾਮ ਵੀ ਅਗੋਂ 'ਸ਼ੈਤਾਨ ਸ਼ਾਹ' ਹੀ ਪ੍ਰਸਿਧ ਹੋ ਗਿਆ ਸੀ ਜੋ ਬੜਾ ਮਸ਼ਹੂਰ ਫਕੀਰ ਹੋ ਬੀਤਿਆ ਹੈ।

## ਕਲਾਲਾਂ ਵਾਲ ਵਿਚ ਅਸਚਰਜ ਕੌਤਕ ਵਰਤਾਣਾ

ਸ੍ਰੀ ਐਮ੍ਰਿਤਸਰ ਰਹਿ ਕੇ ਖਾਸਾ ਚਿਰ ਆਪ ਨੇ ਸੰਗਤ ਦਾ ਉਤਸ਼ਾਹ ਵਧਾਇਆ ਅਤੇ ਸ਼ਾਹ ਜ਼ਮਾਨ ਦੇ ਲਾਹੌਰ ਵਿਚੋਂ ਕਾਬਲ ਵਲ ਨੂੰ ਚਲੇ ਜਾਣ ਮਗਰੋਂ ਸ੍ਰੀ ਦਰਬਾਰ ਸਾਹਿਬ ਨੂੰ ਖਤਰੇ ਥੀਂ ਖਾਲੀ ਡਿੱਠਾ ਤਾਂ ਆਪ ਜੀ ਨੇ ਇਥੋਂ ਚਾਲੇ ਪਾ ਕੇ ਸਨੇ੨ 'ਕਲਾਲਾਂ ਵਾਲ'

ਆਣ ਮੁਕਾਮ ਕੀਤਾ। ਬਹੁਤ ਦਿਨ ਰਹਿ ਕੇ ਸੈਂਕੜੇ ਸਹਿਜਧਾਰੀਆਂ ਨੂੰ ਸਿੰਘ ਸਜਾਇਆ, ਇਥੇ ਆਪ ਨੂੰ ਪਤਾ ਲਗਾ ਕਿ ਸ਼ਾਹ ਜ਼ਮਾਨ ਦਾ ਛਡਿਆ ਹੋਇਆ ਜਰਨੈਲ ਉਸ ਤੋਂ ਵਧੀਕ ਜ਼ਾਲਮ ਹੈ, ਅਤੇ ਥੋੜ੍ਹੇ ਹੀ ਚਿਰ ਵਿਚ ਲੁਟ ਪੁੱਟ ਰਾਹੀਂ ਪਰਜਾ ਦਾ ਨਕ ਦਮ ਕਰ ਦਿਤਾ ਸੂ ਅਤੇ ਸੋਲਾਂ ਹਜ਼ਾਰ ਤੋਂ ਵਧੀਕ ਰੋਂਦੇ ਕੁਰਲਾਂਦੇ ਦੇਸ਼ ਦੇ ਬੱਚੇ ਬੱਚੀਆਂ ਨੂੰ ਫੜ ਕੇ ਲਈ ਜਾ ਰਿਹਾ ਹੈ। ਸ਼ਹਾਨਚੀ ਖਾਨ ਦੇ ਇਸ ਕੈਹਰ ਨੇ ਬਾਬਾ ਜੀ ਦੇ ਦਿਲ ਤੇ ਕਟਾਰ ਦਾ ਕੰਮ ਕੀਤਾ। ਕੀ ਪਤਾ—ਕਿ ਇਨ੍ਹਾਂ ਨਿਰਦੋਸ਼ ਜਿੰਦਾਂ ਦੇ ਛੁਡਾਉਣ ਲਈ ਆਪ ਨੇ ਕੀ ਕੀ ਸੋਚਿਆ ਸੀ ? ਕੁਝ ਚਿਰ ਲਈ ਆਪ ਦੇ ਨੇਤਰ ਮੂੰਦੇ ਗਏ, ਅਤੇ ਅਡੋਲ ਬੈਠ ਕੇ ਅਪਣੀ ਸੁਰਤ ਰਾਹੀਂ ਕਰਤਾਰ ਅਗ ਪੁਕਾਰਾਂ ਕੀਤੀਆਂ ਤੇ ਇਸ ਸ਼ਬਦ ਦਵਾਰੇ ਉਲਾਹਮੇ ਵੀ ਦਿਤੇ ਸੀ—

'ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨ ਆਇਆ।'

ਇਸ ਅਵਸਥਾ ਵਿਚ ਬੈਠਿਆਂ ਪੁੱਤਰ ਵਲੋਂ ਕੀਤੀ ਪੁਕਾਰ ਪਿਤਾ ਪ੍ਰਮੇਸ਼ਰ ਨੇ ਪ੍ਰਵਾਨ ਕੀਤੀ, ਤਾਂ ਬਾਬਾ ਜੀ ਨੂੰ ਅੰਤਰ ਆਤਮੇ ਹੀ—"ਜਿਸ ਨਾਮ ਰਿਦੈ ਤਿਸ ਕੋਟ ਕਈ ਸੈਨਾ" ਇਸ ਗੁਰਵਾਕ ਦਾ ਪ੍ਰਕਾਸ਼ ਕਰਾ ਦਿਤਾ। ਭਰੋਸੇ ਵਿਚ ਹੋਰ ਦ੍ਰਿੜ੍ਹਤਾ ਆਈ ਤੇ 'ਗੁਰੂ ਨਾਨਕ ਵਲੋਂ ਬਾਬਾ ਸ੍ਰੀ ਚੰਦ ਜੀ ਪ੍ਰਤੀ ਅੰਤਮ ਬਖਸ਼ੀਸ਼ਾਂ ਨੂੰ ਚੇਤੇ ਕੀਤਾ (ਜੋ ਗੁਰੂ ਜੀ ਨੇ ਕਿਹਾ ਸੀ —ਹੇ ਸ੍ਰੀ ਚੰਦ ! ਤੁਸਾਡਾ ਤਾਂ ਕੀ ਕਹਿਣਾਂ ਹੈ ? ਤੁਸਾਡੇ ਤਾਂ ਕੁਤਿਆਂ ਵਿਚ ਵੀ ਕਰਾਮਾਤ ਰਹੇਗੀ।) ਮੁਖੜੇ ਤੇ ਖਿੜਾਉ ਆਇਆ। ਉਸੇ ਵੇਲੇ ਅਰਦਾਸਾ ਸੋਧਿਆ, ਅਤੇ ਘੋੜੇ ਉਤੇ ਸਵਾਰ ਹੋ ਨੰਗੀ ਤਲਵਾਰ ਹੱਥ ਵਿਚ ਲੈ ਕੇ ਪਿੰਡ ਥੀਂ ਬਾਹਰ ਖੁਲੇ ਮੈਦਾਨ ਵਿਚ ਘੋੜਾ ਦੁੜਾਣਾ ਸ਼ੁਰੂ ਕਰ ਦਿਤਾ। ਕਿਸੇ ਨੂੰ ਇਹ ਸਮਝ ਨਾ ਆਵੇ ਕਿ ਬਾਬਾ ਜੀ ਅੱਜ ਕੀ ਕੌਤਕ ਕਰ ਰਹੇ ਹਨ ? ਕਦੀ ਘੋੜੇ ਨੂੰ ਸਿੱਧਾ ਕਦੀ ਟੇਢਾ ਦੁੜਾ ਕੇ ਗੋਲਾਕਾਰ ਚੱਕਰ ਵੀ ਕਟਾਂਦੇ। ਕਦੀ ਫੇਰ ਪਿਛੇ ਨੂੰ ਮੋੜਦੇ ਤੇ ਗੱਤਕੇ ਕਾਰਾਂ ਦੀ ਤਰਾਂ ਤਲਵਾਰ ਦੇ ਵਾਰ ਵੀ ਕਰਦੇ ਜਾਂਦੇ। ਇਸ ਤਰ੍ਹਾਂ ਨਾਲ ਕਰਦਿਆਂ ਕਰਦਿਆਂ ਜਦੋਂ ਘੋੜਾ ਥੱਕ ਕੇ ਹਫ ਗਿਆ ਤੇ ਛੇਤੀ ਨਾਲ ਦੂਜਾ ਮੰਗਵਾ ਲੀਤਾ। ਓੜਕ ਨੂੰ ਜ਼ੋਰ ਦਾ ਇਕ ਵਾਰ ਕੀਤਾ, ਅਤੇ ਗੱਜਕੇ "ਸਤਿ ਸ੍ਰੀ ਅਕਾਲ" ਦਾ ਜੈਕਾਰਾ ਗਜਾਂਦੇ ਹੋਏ ਇਸ ਦੌੜ ਨੂੰ ਸਮਾਪਤ ਕੀਤਾ।

ਪਿੰਡ ਦੇ ਬਹਾਰ ਵਾਰ ਕੜਕਦੇ ਦੁਪੈਹਰੀਂ ਇਸ ਕੌਤਕ ਨੂੰ ਦੇਖ ਰਹੀ ਸੰਗਤ ਹੈਰਾਨ ਹੋ ਰਹੀ ਸੀ। ਜਿਸ ਨੇ ਬਾਰ ਬਾਰ ਬੇਨਤੀ ਦਵਾਰੇ ਇਸ ਖੇਲ ਦਾ ਕਾਰਣ ਪੁਛਿਆ। ਤਾਂ ਬਾਬਾ ਜੀ ਨੇ ਫੁਰਮਾਇਆ—ਸਾਨੂੰ ਪ੍ਰਤੀਤ ਹੋਇਆ ਸੀ, ਕਿ ਇਸ ਵੇਲੇ ਗੁਜਰਾਤ ਦੇ ਲਾਗੇ ਸਿੰਘਾਂ ਦਾ ਅਤੇ ਸ਼ਹਾਂਨਚੀ ਖਾਂ ਦਾ ਯੁਧ ਹੋ ਰਿਹਾ ਸੀ। ਜਿਸ ਵਿਚ ਆਪਣੀ ਸੱਤਾ ਇਸ ਵੇਲੇ ਪੰਥ ਨੂੰ ਦੇਣੀ ਜਰੂਰੀ ਬਣਦੀ ਸੀ। ਹੁਣ ਆਪ ਸੰਗਤ ਨੂੰ ਵਧਾਈ ਹੋਵੇ, ਕਿ ਸ਼ਹਾਂਨਚੀ ਖਾਂ ਮਾਰਿਆ ਗਿਆ ਅਤੇ ਪੰਥ ਦੀ ਜਿੱਤ ਹੋਈ ਹੈ।

ਸ੍ਰੀ ਹਜ਼ੂਰ ਬਾਬਾ ਜੀ ਦੇ ਇਸ ਕਥਨ ਉਤੇ ਕਈਆਂ ਨੇ ਪੂਰਾ ਵਿਸ਼ਵਾਸ਼ ਕਰ ਲਿਆ, ਪਰ ਕਈਆਂ ਨੇ ਸਮਾਂ ਲਿਖ ਲੀਤਾ ਜੋ ਪ੍ਰੀਖਿਆ ਕੀਤੀ ਜਾ ਸਕੇ।

# ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚੋਂ

## ਕੁਝ ਵਿਸ਼ੇ-ਵਾਰ ਚੁਣੇ ਸ਼ਬਦ

ਉਦਾਸ-ਉਦਾਸੀ

ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥
ਨਾਨਕ, ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥ ਆਸ਼ਾ ਛੰਤ (੩)
ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ । ਮਾਰੂ (੧੧)
ਸੋ ਗਿਰਹੀ ਸੋ ਦਾਸੁ ਉਦਾਸੀ ਜਿਨਿ ਗੁਰਮੁਖਿ ਆਪ ਪਛਾਨਿਆ ॥
ਨਾਨਕੁ ਕਹੈ ਅਵਰੁ ਨਹੀਂ ਦੂਜਾ ਸਾਚ ਸਬਦਿ ਮਨੁ ਮਾਨਿਆ ॥ ਪ੍ਰਭਾਤੀ ੧੭

ਉਦਾਸ ਚਿੱਤ

ਘਾਲਿ ਖਾਇ ਕਿਛੁ ਹਥਹੁ ਦੇਹ॥ ਨਾਨਕ ਰਾਹੁ ਪਛਾਣਹਿ ਸੇਇ ॥ ਵਾਰ ਸਾਰੰਗ ੨੨

ਉਪਦੇਸ਼—

ਛੋਡਹੁ ਪ੍ਰਾਣੀ, ਕੂੜ ਕਬਾੜਾ......
ਸਾਕਤ ਕੂੜ ਪਚਹਿ ਮਨਿ ਹਉਮੈ, ਦੁਹਮਾਰਗਿ ਪਚੈ ਪਚਾਈ ਹੇ ॥
ਛੋਡਹੁ ਨਿੰਦਾ ਤਾਤ ਪਰਾਈ ॥ ਪੜਿ ਪੜਿ ਦਝਹਿ ਸਾਂਤਿ ਨ ਆਈ ॥...
ਛੋਡਹੁ ਕਾਮ ਕਰੋਧੁ ਬੁਰਿਆਈ ਹਉਮੈ ਧੰਧ ਛੋਡਹੁ ਲੰਪਟਾਈ ॥......
ਬੋਲਹੁ ਸਾਚੁ ਪਛਾਣਹੁ ਅੰਦਰਿ ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥
ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ ਇਉ ਭਵਜਲੁ ਪਾਰਿ ਲੰਘਾਈ ਹੇ ॥
ਮਾਰੂ ਸੋਹਲੇ ੬
ਸਤ ਸੰਤੋਖਿ ਰਹਹੁ ਜਨ ਭਾਈ ॥ ਖਿਮਾ ਗਹਹੁ ਸਤਿਗੁਰ ਸਰਣਾਈ ॥
ਆਤਮ ਚੀਨਿ ਪਰਾਤਮੁ ਚੀਨਹੁ ॥ ਗੁਰ ਸੰਗਤਿ ਇਹੁ ਨਿਸਤਾਰਾ ਹੇ ॥
ਮਾਰੂ ਸੋਹਲੇ ੯
ਖਾਣਾ ਪੀਣਾ ਹਸਣਾ ਸਉਣਾ ਵਿਸਰ ਗਿਆ ਹੈ ਮਰਣਾ ॥
ਖਸਮ ਵਿਸਾਰਿ ਖੁਆਰੀ ਕੀਨੀ ਧ੍ਰਿਗ ਜੀਵਨ ਨਹੀਂ ਰਹਣਾ ॥ ਮਲਾਰ ੧

ਉਪਦੇਸ਼ਕ—

ਜਿਥੇ ਜਾਇ ਬਹੀਐ ਭਲਾ ਕਹੀਐ ਸੁਰਿਤ ਸਬਦ ਲਿਖਾਈਐ ॥ ਵਡਹੰਸ ੧
ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥ ਧਨਾਸਰੀ ੨

ਅਕਾਲ ਪੁਰਖ—

ਤੂ ਅਕਾਲ ਪੁਰਖ ਨਾਹੀ ਸਿਰਿ ਕਾਲਾ ॥ ਮਾਰੂ ਸੋਹਲੇ ੧੮

ਅਤੀਤ

ਬੋਲਹਿ ਸਾਚੁ ਮਿਥਿਆ ਨਹੀ ਰਾਈ ॥
ਚਾਲਹਿ ਗੁਰਮੁਖਿ ਹੁਕਮ ਰਜਾਈ ॥
ਰਹਹਿ ਅਤੀਤ ਸਚੇ ਸਰਣਾਈ ॥ ਗਉੜੀ ਅਸਟਪਦੀ ੧੫
ਰਹੈ ਅਤੀਤੁ ਜਾਣੈ ਸਭੁ ਤਿਸਕਾ ॥ ਮਨੁ ਤਨੁ ਅਰਪੈ ਹੈ ਇਹੁ ਜਿਸਕਾ ॥
ਬਿਲਾਵਲ ਅਸਟਪਦੀ ੨

ਮਨ ਮਹਿ ਮਨੂਆ ਚਿਤ ਮਹਿ ਚੀਤਾ ॥ ਐਸੇ ਹਰਿ ਕੇ ਲੋਗ ਅਤੀਤਾ ॥
ਹਰਖ ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤ ਚਾਖਿ ਹਰਿ ਨਾਮਿ ਨਿਵਾਸਾ ॥

ਅਸਟਪਦੀ ੪

ਅਵਧੂਤ-ਸੰਤੋਖੀ ਜੋਗੀ—

ਸੁਣਿ ਮਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥
ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥
ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸ ਸੁੰਨਿ ਸਮਾਧਿ ਸਮਾਵੈ ॥
ਭਿਖਿਆ ਭਾਇ ਭਗਤਿ ਭੈ ਚਲੇ ॥ ਹੋਵੈ ਸੁ ਤ੍ਰਿਪਤਿ ਸਤੋਖਿ ਅਮੁਲੇ ॥
ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮ ਤਾੜੀ ਚਿਤੁ ਲਾਵੈ॥
ਆਸਾ ਮਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ।
ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸ਼ਨ ਕੀ ਸੋਝੀ ਪਾਇ ॥

ਰਾਮਕਲੀ ੫

ਆਨੰਦ, ਆਤਮਿਕ—

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥
ਜੋ ਕਿਛੁ ਕਰੇ ਸੁ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਪਾਈਐ ॥
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥ ਤਿਲੰਗ ੪
ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੇ ਪਿਰ ਭਾਇ ॥
ਨਾਨਕ ਵਿਛੜਿ ਨਾ ਦੁਖ ਪਾਏ ਗੁਰਮਤ ਅੰਕ ਸਮਾਏ ॥ ਸੂਹੀ ਛੰਤ ੧
ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰ ਦੇਖੈ ਨੈਣੀ ॥
ਅਵਗੁਣਿਆਰੀ ਕੰਤਿ ਮਿਸਾਰੀ ਛੂਟੀ ਵਿਧਣ ਰੈਣੀ : ਧਨਾਸਰੀ ਛੰਤ ੩

ਅੰਮ੍ਰਿਤ ਘਟ ਮਾਹੀ—

ਜਿਸੁ ਜਲਨਿਧਿ ਕਾਰਣਿ ਤੁਮਿ ਜਗਿ ਆਏ ਸੋ ਅੰਮ੍ਰਿਤੁ ਗੁਰੁ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰ ਢੂੰਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤ ਘਟ ਮਾਹੀ ਜੀਉ ॥ ਸੋਰਠਿ ੬

ਇਸਤਰੀ ਨਿੰਦਾ ਨਾ ਕਰੋ—

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥
ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥
ਨਾਨਕ ਤੇ ਮੁਖਿ ਉਜਲੇ ਤਿਤੁ ਸਚੈ ਦਰਬਾਰਿ ॥ ਵਾਰਾ ਆਸਾ ੧੯

ਇਸ਼ਨਾਨ, ਸਨਾਨ, ਸੁੱਚਮ—

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ, ਜਿਨ ਮਨਿ ਵਸਿਆ ਸੋਇ ॥ ਵਾਰ ਆਸਾ ੧੭
ਨਾਤਾ ਸੋ ਪਰਵਾਣੁ ਸਚੁ ਕਮਾਈਐ ॥ ਵਡਹੰਸ ਛੰਤ ੧
ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰਿ ਕੀ ਗਤਿ ਤਾਹੀ ਜੀਉ ॥ ਸੋਰਠਿ ੯
ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨ ਮਹਾਰਸਿ ਨ੍ਹਾਈਐ ਭਾਈ ਮਨੁ ਤਨੁ ਨਿਰਮਲ ਹੋਇ॥ਸੋਰਠਿ ਅਸਟਪਦੀ ੪

ਸੱਚ (ਸਤਯ)—

ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ ਸਿਰੀ ਰਾਗੁ ੨੧
ਮਨ ਹਠ ਬੁਧੀ ਕੇਤੀਆ, ਕੇਤੇ ਬੇਦ ਬੀਚਾਰ ॥...
ਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰ ॥ ਸਿਰੀ ਰਾਗੁ ਅਸਟਪਦੀ ੧੪
ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ ॥ ਵਾਰ ਗਉੜੀ ੨੧

ਸਚੁ ਤਾ ਪਰੁ ਜਾਣੀਐ, ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ, ਜਾ ਸਚਿ ਧਰੇ ਪਿਆਰੁ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖਦੁਆਰ ॥
ਸਚੁ ਤਾ ਪਰੁ ਜਾਣੀਐ, ਜਾ ਜੁਗਤਿ ਜਾਣੈ ਜੀਉ ॥
ਧਰਤਿ ਕਾਇਆ ਸਾਧਿਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰਿ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ ॥
ਸਚੁ ਤਾ ਪਰੁ ਜਾਣੀਐ ਆਤਮ ਤੀਰਥਿ ਕਰੇ ਨਿਵਾਸੁ ॥
ਸਤਿਗੁਰੂ ਨੋ ਪੁਛਿਕੈ ਬਹਿ ਰਹੈ ਕਰੇ ਨਿਵਾਸੁ ॥
ਸਚੁ ਸਭਨਾ ਹੋਇ ਦਾਰੂ ਪਾਪੁ ਕਢੈ ਧੋਇ ॥
ਨਾਨਕੁ ਵਖਾਣੈ ਬਨਤੀ ਜਿਨਿ ਸਚੁ ਪਲੈ ਹੋਇ ॥ ਵਾਰ ਆਸਾ ੧੦
ਹਿਰਦੈ ਸਚੁ ਏਹ ਕਰਣੀ ਸਾਰੁ ॥ ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥
ਪ੍ਰਭਾਤੀ ਅਸਟਪਦੀ ੩

ਸਤਸੰਗੁ, ਸਾਧੂ-ਸੰਗ-

ਸਤਸੰਗਤਿ ਕੈਸੀ ਜਾਣੀਐ ਜਿਥੈ ਏਕੋ ਨਾਮੁ ਵਖਾਣੀਐ ॥ ਸਿਰੀ ਰਾਗੁ

ਉੱਤਮ ਸੰਗਤਿ ਉੱਤਮੁ ਹੋਵੈ । ਗੁਣ ਕਉ ਧਾਵੈ ਅਵਗੁਣ ਧੋਵੈ ਆਸਾ ਅਸਟਪਦੀ ੫
ਪਾਰਸੁ ਭੇਟ ਕੰਚਨੁ ਧਾਤੁ ਹੋਈ ਸਤ-ਸੰਗਤਿ ਵਡਿਆਈ ॥ ਗੂਜਰੀ ਅਸਟਪਦੀ ੪

ਸਰ ਬੋਲੇਹਿ—
ਬੋਲਹਿ ਸਾਚ ਮਿਥਿਆ ਨਹੀਂ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥
ਰਹਹਿ ਅਤੀਤ ਸਚੇ ਸਰਣਾਈ ॥...
ਸਤਿਗੁਰੁ ਦੇਖਿਆ ਦੀਖਿਆ ਲੀਨੀ ॥
ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥
ਸਾਚ ਮਹਲਿ ਗੁਰਿ ਅਲਖ ਲਖਾਇਆ ॥...ਸਾਚਿ ਸੰਤੋਖੇ ਭਰਮ ਚੁਕਾਇਆ ॥
ਜਿਨਕੇ ਮਨਿ ਵਸਿਆ ਸਚੁ ਸੋਈ ॥ ਤਿਨਕੀ ਸੰਗਤਿ ਗੁਰਮੁਖਿ ਹੋਈ ॥
ਨਾਨਕ ਸਾਚਿ ਨਾਮਿ ਮਲੁ ਖੋਈ ॥ ਗਉੜੀ ਅਸਟਪਦੀ ੧੫

ਸਿੱਖੀ
ਸਿਖੀ ਸਿਖਿਆ ਗੁਰ ਵੀਚਾਰ ਵਾਰ ਆਸਾ ੫

ਸੁਖ-ਦੁਖ-
ਸੁਖ ਕਉ ਮਾਗੈ ਸਭੁ ਕੋ ਦੁਖੁ ਨਾ ਮਾਗੈ ਕੋਇ ॥
ਸੁਖ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥ ਸਿਰੀ ਰਾਗ ਅਸਟਪਦੀ ੭

ਸੁੱਚ-ਸੁੱਧੀ-ਪਵਿਤਰਤਾ— ਪ੍ਰਭਾਤੀ ੨
ਤਨੁ ਸੂਚਾ ਜੋ ਆਖੀਐ ਜਿਸੁ ਮਹਿ ਸਾਚਾ ਨਾਉ ॥ ਸਿਰੀ ਰਾਗੁ ੧੫
ਕਥਣੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥
ਕਾਇਆ ਸੋਚ ਨ ਪਾਈਐ ਬਿਨੁ ਹਰ ਭਗਤਿ ਪਿਆਰ ॥ ਸਿਰੀ ਰਾਗੁ ਅਸਟਪਦੀ ੯
ਜੇ ਰਤੁ ਲਗੇ ਕਪੜੇ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਣਿਸਾ, ਤਿਨ ਕਿਉ ਨਿਰਮਲੁ ਚੀਤੁ ॥
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹ ॥ ਸਲੋਕ ਵਾਰ ਮਾਝ ੬
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ ਵਾਰ ਆਸਾ ੧੭

ਸੂਤਕ ਪਾਤਕ—
ਬਿਨੁ ਨਾਵੈ ਸੂਤਕੁ ਜਗਿ ਛੋਤਿ ॥ ਆਸਾ ਅਸਟਪਦੀ ੪
ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ ॥

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥
ਨਾਨਕ ਸੂਤਕ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥
ਮਨ ਕਾ ਸੂਤਕ ਲੋਭ ਹੈ ਜਿਹਵਾ ਸੂਤਕੁ ਕੂੜੁ ॥

੧ੴ ਸਤਿਗੁਰ ਪ੍ਰਸਾਦਿ

# ਸ੍ਰੀ ਬੀਰ ਮ੍ਰਿਗੇਸ਼ ਗੁਰਬਿਲਾਸ ਦੇਵ੍ਤਰੂ

## ਅਥ ਕਥਾ ਪ੍ਰਸੰਗ

੧ ਸਕੰਧ, ਪੂਰਵਾਰਧ ੯ ਅਧਯਾਯ

ਓਾਂ ਤਤ ਸਤ

ਦੋਹਿਰਾ

ਪੂਰਣ ਬ੍ਰਹਮ ਅਵਗਤ ਅਚਲ ਅਬਿਨਾਸ਼ੀ ਅਘਨਾਸ਼ ।
ਸੰਤ ਚਿੱਤ ਅਵੈਦਰੂਪ ਅਜਨਮੋਚਰਣ ਗੁਰੁਤਾਸ ॥੧॥

ਅਥ ਕਥਾ ਪ੍ਰਸੰਗ :

ਇਸ ਪ੍ਰਕਾਰ ਸੇ ਜਬ ਸਰਬ ਦੇਸ਼ੋਂ ਮੇਂ ਅਧਿਕ ਪ੍ਰਤਾਪ ਪ੍ਰਸਿੱਧ ਹੋਤਾ ਭਯਾ । ਤਬ ਸ੍ਰੀ ਗੁਰੂ ਸਾਹਿਬ ਸਿੰਘ ਜੀ ਨੇ ਲਾਡੂਏਵਾਲਾ ਸਰਦਾਰ ੧ ਜੀਂਦਵਾਲਾ ੨ ਸੁਬਾਦ ਵਾਲਾ ਸ਼ੇਰ ਸਿੰਘ ਨਿਰਮਲਾ ੩ ਥਨੇਸਰਵਾਲਾ ਸਰਦਾਰ ਉਦੇ ਸਿੰਘ ੪ ਭਾਗ ਸਿੰਘ ਲੁਦਿਹਾਣੇ ਵਾਲਾ ਸਰਦਾਰ ੫ ਪਟਿਆਲੇ ਵਾਲਾ ਸਰਦਾਰ ਸਾਹਿਬ ਸਿੰਘ ੬ ਮਨੁਮਾਜਰਵਾਲਾ ਸਰਦਾਰ ਸੋਭਾ ਸਿੰਘ ੭ ਅੰਬਾਲੇਵਾਲਾ ਸਰਦਾਰ ੮ ਫਿਰੋਜ਼ਪੁਰਵਾਲਾ ਸਰਦਾਰ ੯ ਸ਼ਾਮਗੜ੍ਹ ਵਾਲਾ ਸਰਦਾਰ ੧੦ ਇਤਯਾਦਿਕ ਔਰ ਭੀ ਛੋਟੇ ਬੜੇ ਸਰਦਾਰੋਂ ਕੋ ਬਚਨ ਕੀਆ ਕੇ ਤੁਮ ਸਾਰੇ ਸਰਦਾਰ ਇਕੱਤਰ ਹੋ ਕੇ ਮਲੇਰਕੋਟਲੇ ਪਰ ਚੜ੍ਹਾਈ ਕਰਕੇ ਤੋਂਲੇ ਖਾਂ ਕੋ ਮਾਰ ਦੇਵੋ ।

ਪ੍ਰਸ਼ਨ : ਹੇ ਗੁਰੂ ਜੀ ਮਲੇਰੀਏ ਕਾ ਕਯਾ ਅਪਰਾਧ ਹੈ ਜੋ ਇਸ ਪਰ ਹਮ ਚੜਾਈ ਕਰਕੇ ਲੂਟ ਮਾਰ ਲੇਵੇਂ । ਅੱਵਲ ਤੋ ਸਾਹਿਬ ਦਸ਼ਵੇਂ ਪਾਤਸ਼ਾਹੁ ਜੀ ਕਾ ਇਨਕੋ ਵਰ ਹੂਆ ੨ ਹੈ ਸਾਹਿਬਜ਼ਾਦੇ ਸੀਰ ਖੋਰਯੋਂ ਕੋ ਦੁਸ਼ਟ ਤੁਰਕ ਸਿਰੰਦਕੇ ਸੂਬੇ ਨੇ ਮਰਵਾਣੇ ਕਾ ਹੁਕਮ ਦੇ ਦੀਆ ਤਬ ਸ਼ੇਰ ਖਾਨ ਤੇ ਅਹਮਦ ਖਾਂਨ ਮਲੇਰਯ ਨੇ ਸੂਬੇ ਪਾਸ ਸਪਾਰਸ਼ ਭੀ ਕਰੀ ਥੀ ਕੇ ਇਨ ਸ਼ੀਰ ਖੋਰਯੋਂ ਬਚਯੋਂ ਨੇ ਤੁਮਾਰਾ ਕਯਾ ਲੀਆ ਹੈ ਜੋ ਇਨੋਂ ਕੋ ਮਰਵਾਤੇ ਹੋ । ਵੈਰ ਜੋ ਤੁਮਾਰੇ ਹੈ ਸੋ ਬਡਯੋਂ ਸੇ ਹੈ ਇਨ ਬਚਯੋਂ ਸੇ ਤੋ ਵੈਰ ਨਹੀਂ ਹੈ ਇਨਕੋ ਜਾਨ ਦੇਵੋ । ਤਬ ਏਕ ਦੁਸ਼ਟ ਤੁਰਕ ਨੇ ਕਹਯਾ ਕੇ ਇਨਕੋ ਤੁਮ ਸ਼ੀਰਖੋਰੇ ਨ ਜਾਨੋ ਕਿੰਤੂ ਯੰ ਨਾਗੋਂ ਕਾਲਯੋਂ ਕੇ ਬੱਚੇ ਹੈਂ ਜਬ ਬਡੇ ਹੋਵੈਂਗੇ ਤਬ ਤੁਮਸੇ ਤੁਮਾਰੀ ਆਲ ਔਲਾਦ ਸੇ ਵੈਰ ਲੇਵੈਂਗੇ । ਅਛਾ ਇਸ ਸਭਾ ਮੈਂ ਏਕ ਓਰ ਤੁਮ ਅਛੇ ੨ ਪਦਾਰਥ ਖਾਨੇ ਕੇ ਔ ਏਕ ਓਰ ਅਨੇਕ ਪ੍ਰਕਾਰ ਕੇ ਖਿਲੌਨੇ ਔ ਏਕ ਓਰ ਅਛੇ ੨ ਬਸਤਰ ਔ ਏਕ ਓਰ ਅਛੇ ੨ ਤੀਖਯਣ ੨ ਸ਼ਸਤਰ ਰਖਾਇ ਕੇ ਇਨ ਦੋਨੋਂ ਕੋ ਬੀਚ ਮੈਂ ਛੋਡ ਦੇਵੋ । ਜੋ ਇਨੋਂ ਨੇ ਕਿਸੀ ਔਰ ਵਸਤੂ ਪਰ ਹਾਥ ਡਾਰਾ ਤਬ ਤੋ ਇਨਕੋ ਛੋਡਦੇਨਾ । ਜੇ ਇਨੋਂ ਨੇ ਔਰ ਸਰਬ ਵਸਤੂਆਂ ਕੋ ਛੋਡਕੇ ਕੇਵਲ ਹਥਯਾਰ ਹੀ ਹਾਥੋਂ ਮੈ ਪਕੜਲੀਏ ਬਡੇ ਹੋਕੇ ਜ਼ਰੂਰ ਤੁਮਸੇ ਅਪਨੇ ਬਾਪ ਕਾ ਬਦਲਾ ਲੇਵੈਂਗੇ । ਤਬ ਤਿਸ ਤੁਰਕ ਕੀ ਬਾਤ ਮਾਨਕੇ ਸਿਰਹੰਦ ਕਾ ਸੂਬਾ ਐਸੇ ਹੋਕਰਤ ਭਯੋ ਬਾਜਾਰ

ਲਗਾਇ ਕੇ ਸਾਹਿਬਜ਼ਾਦਿਉਂ ਕੋ ਬੀਚ ਬਾਜਾਰ ਕੇ ਛੋਡਕੇ ਲਾਗੇ ਦੇਖਨੇ। ਤਬ ਸਾਹਿਬਜ਼ਾਦਿਆਂ ਨੇ ਔਰ ਕਿਸੀ ਵਸਤ ਕੋ ਹਾਥ ਨਹੀਂ ਲਗਾਯਾ ਦੇਖਤੇ ਚਲੇ ਗਏ। ਜਬ ਸ਼ਸਤਰੋਂ ਵਾਲੀ ਦੁਕਾਨ ਕੇ ਬਰਾਬਰ ਗਏ ਤਬ ਅਛੇ ੨ ਸ਼ਸਤਰ ਬੀਨ ਕੇ ਦੋਨੋਂ ਸਾਹਿਬਜ਼ਾਦਿਆਂ ਨੇ ਉਠਾਇ ਲੀਏ। ਸੂਬਾ ਦੇਖਕੇ ਬਡੇ ਅਸਚਰਯ ਕੋ ਪ੍ਰਾਪਤ ਹੋਤੇ ਭਯੇ। ਤਬ ਪੁਨਾ ਤਿਸ ਤੁਰਕ ਨੇ ਸੂਬੇਪ੍ਰਤਿ ਕਹਯਾ ਕਿਉਂ ਸਾਹਿਬ ਜੀ ਦੇਖਯਾ ਤੁਮਨੇ ਹੈ ਠੀਕ ਨਾਗੋਂ ਕੇ ਬੱਚੇ ਨਹੀਂ ਕਿ ਜਬ ਕਬ ਯੇ ਡੰਗ ਮਾਰੇ ਬਿਨਾਂ ਕਬੀ ਭੀ ਨ ਰਹੇਂਗੇਂ। ਐਸੇ ਨਿਰਣੈ ਕਰਕੇ ਦੋਨੋਂ ਸਾਹਿਬਜ਼ਾਦਿਉਂ ਕੋ ਮਾਰਣਾ ਹੀ ਸ਼ੁਰੂ ਕੀਆ ਤਬ ਸ਼ੇਰ ਖਾਨ ਤੇ ਅਹਮਦ ਖਾਨ ਨੇ ਬਡੇ ਉਭੇ ਸਵਾਸ ਭਰੇ ਔ ਹਾ ਕੇ ਨਾਰੇ ਮਾਰੇ॥ ਐਸੀ ਉਨ ਕੀ ਰਹਮ ਦਿਲੀ ਸੁਣ ਕੇ ਸਾਹਿਬ ਦਸਵੇਂ ਪਾਤਸ਼ਾਹ ਜੀ ਨੇ ਇਨ ਕੋ ਵਰ ਦੇ ਦੀਆ ਕੇ ਜਾਹੋ ਮਲੇਰਯਾ ਕੀ ਜੜ ਹਰੀ॥ ਅਬ ਆਪ ਕੇ ਕਹਨੇ ਸੇ ਹਮ ਕੈਸੇ ਉਨ ਪਰ ਚਢਾਈ ਕਰੇ॥ ਐਸੀ ਐਸੀ ਸਰਦਾਰੋਂ ਕੀ ਬਾਤੇਂ ਸੁਣ ਕੇ ਹਜ਼ੂਰ ਨੇ ਬਚਨ ਕੀਆ ਕੇ ਤੁਮਾਰੀ ਮਾਤਾ ਮਲੇਰ ਕਾ ਸ਼ਰੀਰ ਵਿਖੇ ਕਬਰ ਮੈਂ ਦਬਯਾ ਹੂਆ ਹੈ ਹਜ਼ੂਰ ਦਸਵੇਂ ਪਾਦਸ਼ਾਹ ਜੀ ਕੇ ਮਹਲਕਾ॥ ਸੋ ਉਸ ਕਾ ਸ਼ਰੀਰ ਕਬਰ ਮੇਂ ਸੇ ਨਿਕਾਲ ਕੇ ਉਸ ਕਾ ਸੰਸਕਾਰ ਕਰੋ।

